ਮਾਰਚ, ਅਪ੍ਰੈਲ-ਮਈ 1989 **104-106**

ਮੁੱਲ—ਦੋ ਰੁਪਏ

## ਸੰਪਾਦਕੀ : ਇਨਕਲਾਬੀ ਕੇਡਰ ਲਈ ਕੁਝ ਸੋਚਣ ਦੀਆਂ ਗੱਲਾਂ

ਅਜ ਜੋ ਕੁਝ ਸਾਡੇ ਆਲੇ-ਦੁਆਲੇ ਵਾਪਰ ਰਿਹਾ ਹੈ, ਇਸ ਵਰਤਾਰੇ ਬਾਰੇ ਇਕ ਕਮਿਊਨਿਸਟ ਇਨਕਲਾਬੀ ਦੀ ਹੈਸੀਅਤ ਵਿਚ ਸਾਡੇ ਕੀ ਵਿਚਾਰ ਹੋਣੇ ਚਾਹੀਦੇ ਹਨ ਅਤੇ ਸਿਆਸਤ, ਧਰਮ, ਸਾਹਿਤ ਸਭਿਆਚਾਰ ਆਦਿਕ ਵਲ ਸਾਡੀ ਕੀ ਪਹੁੰਚ ਹੋਣੀ ਚਾਹੀਦੀ ਹੈ, ਕੁਝ ਨੁੱਕਤੇ ਇਥੇ ਵਿਚਾਰਨ ਲਈ ਦਿਤੇ ਜਾ ਰਹੇ ਹਨ।

**ਸਿਆਸਤ ਦੀ ਗੱਲ ਕਰਦਿਆਂ** ਸਾਡਾ ਪਹਿਲਾ ਫਿਕਰ ਜਾਂ ਅੱਵਲ ਦਰਜੇ ਦੀ ਮਹੱਤਤਾ ਰਖਣ ਵਾਲਾ ਨੁੱਕਤਾ ਇਹ ਹੈ ਕਿ ਇਸ ਸਮਾਜ ਵਿਚ ਸਮਾਜਕ ਬੇਇਨਸਾਫੀ ਖਤਮ ਹੋਵੇ। ਸਾਡੇ ਕ੍ਰੂੜਾਂ ਦੱਬੇ ਕੁਚਲੇ ਲੋਕਾਂ ਨੂੰ ਅਣਖ ਅਤੇ ਸਤਿਕਾਰ ਦੀ ਜ਼ਿੰਦਗੀ ਮਿਲੇ। ਹਰ ਸ਼ਹਿਰੀ ਲਈ ਰੋਜ਼ੀ, ਰੋਟੀ, ਕਪੜਾ ਬੁਨਿਆਦੀ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਹੋਣ। ਦੇਸ਼ ਦੇ ਪੈਦਾਵਾਰੀ ਵਸੀਲਿਆਂ ਨੂੰ ਜੇਕਰ ਦੇਖੀਏ ਅਤੇ ਕੁਲ ਦੌਲਤ ਦੀ ਸਹੀ ਵੰਡ ਦਾ ਨਿਸ਼ਾਨਾ ਦੇਖੀਏ ਤਾਂ ਇਹ ਕਰਨਾ ਕੋਈ ਮੁਸ਼ਕਿਲ ਗੱਲ ਨਹੀਂ। ਪਰ ਇਹ ਸਾਫ ਹੈ ਕਿ ਇਹ ਸਭ ਕੁਝ ਬੁਰਜੂਆ ਪਾਰਲੀਮੈਂਨੀ ਢਾਂਚੇ 'ਚ ਹਾਸਿਲ ਨਹੀਂ ਕੀਤਾ ਜਾ ਸਕਦਾ। ਪਾਰਲੀਮੈਂਨੀ ਸ਼ਿਆਸਤ ਦੀ ਸਾਰੀ ਪਹੁੰਚ ਲੋਕਾਂ ਨੂੰ ਗ਼ਲਤ ਮਸਲਿਆਂ ਤੇ ਭੜਕਾਕੇ ਵੋਟ ਲੈਣਾ ਹੈ। ਇਸਦੇ ਉਲਟ ਸਾਡੀ ਸਿਆਸਤ ਦਾ ਨਿਸ਼ਾਨਾ ਲੋਕਾਂ ਦਾ ਧਿਆਨ ਬੁਨਿਯਾਦੀ ਮਸਲਿਆਂ ਵਲ ਲਿਆਉਣਾ ਅਤੇ ਉਹਨਾਂ ਨੂੰ ਚੰਗੀ ਜ਼ਿੰਦਗੀ ਲਈ ਸੰਘਰਸ਼ ਦੇ ਰਾਹ ਤੇ ਪਾਉਣਾ ਹੈ। ਇਹ ਸਭ ਕੁਝ ਠੋਸ ਮਿਸਾਲਾਂ ਦੇਕੇ ਹੀ ਕੀਤਾ ਜਾ ਸਕਦਾ ਹੈ। ਪੰਜਾਬ ਵਿਚ ਜੇਕਰ ਅਕਾਲੀਆਂ ਅਤੇ ਕਾਂਗਰਸ ਦੀ ਸਿਆਸਤ ਲਈਏ ਤਾਂ ਇਹ ਗੱਲ ਬਿਲਕੁਲ ਸਮਝ ਆ ਸਕਦੀ ਹੈ। ਆਪੇ ਹੀ ਮੱਸਲੇ ਖੜੇ ਕਰ ਲੈਣੇ, ਫਿਰ ਉਹਨਾਂ ਨੂੰ ਉਲਝਾ ਦੇਣਾ, ਅਗੋਂ ਫੇਰ ਅਖ਼ਬਾਰਾਂ, ਰੇਡੀਓ, ਟੀ.ਵੀ. ਰਾਹੀਂ ਬਿਆਨ ਦੇ ਦੇ ਕੇ ਉਹਨਾਂ ਨੂੰ ਇਸ ਤਰ੍ਹਾਂ ਵੱਧਾ ਚੜ੍ਹਾ ਦੇਣਾ ਕਿ ਲੋਕ ਗੱਧੀਗੇੜ ਵਿਚ ਪਏ ਰਹਿਣ ਅਤੇ ਬੁਨਿਯਾਦੀ ਮੱਸਲਿਆਂ ਵਲ ਧਿਆਨ ਹੀ ਨਾ ਦੇਣਾ, ਸਾਨੂੰ ਵੀ ਇਸ ਗੱਲੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ। ਅਸੀਂ ਵਕਤੀ ਮੱਸਲਿਆਂ ਵੱਲ ਆਪਣੀ ਪਹੁੰਚ ਜ਼ਰੂਰ ਦੱਸੀਏ ਪਰ ਆਪਣੀ ਬੁਨਿਯਾਦੀ ਸਿਆਸਤ ਦੀ ਲੀਹ ਨੂੰ ਕਦੇ ਨਾ ਛੱਡੀਏ। ਅਸੀਂ ਚਾਹੁੰਦੇ ਹਾਂ ਕਿ ਸਨ ਸੈਂਤਾਲੀ ਫੇਰ ਨਾ ਬਣੇ, ਹਿੰਦੂ ਮੁਸਲਮਾਨ ਸਿਖ ਫਸਾਦ ਨਾ ਹੋਣ, ਪਾਣੀਆਂ ਦੀ ਇਲਾਕਾਈ ਵੰਡ ਸਹੀ ਹੋਵੇ, ਕੇਂਦਰ ਦੀ ਸਟੇਟਾਂ ਵਲ ਧੱਕਾਸ਼ਾਹੀ ਬੰਦ ਹੋਵੇ, ਸੂਬਿਆਂ ਦੇ ਵੱਧ ਅਧਿਕਾਰ ਹੋਣ, ਪਰ ਸਾਨੂੰ ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਮੌਜੂਦਾ 'ਨਿਜ਼ਾਮ' ਵਿਚ ਇਹ ਮੰਗਾਂ ਪੂਰੀਆਂ ਵੀ ਹੋ ਜਾਣ ਤਾਂ ਵੀ ਇਹ ਬੇਇਨਸਾਫੀ ਵਾਲਾ ਸਮਾਜਿਕ ਢਾਂਚਾ ਨਹੀਂ ਬਦਲੇਗਾ। ਆਪਣੀ ਸਿਆਸਤ ਬਾਰੇ ਬਹੁਤ ਆਪ ਵੀ ਸਾਫ ਹੋਈਏ ਤੇ ਸਪੱਸ਼ਟ ਤਰੀਕੇ ਨਾਲ ਲੋਕਾਂ ਨੂੰ ਵੀ ਸਮਝਾਈਏ। ਪੰਜਾਬ ਦੀ ਫੌਰੀ ਲੋੜ ਇਕ ਸਿਆਸੀ ਹੱਲ ਹੈ ਤਾਂ ਜੋ ਰੋਜ਼ ਦੀ ਹੋ ਰਹੀ ਕਤਲੋ ਗ਼ਾਰਤ ਬੰਦ ਹੋਵੇ। ਇਹਦੇ ਲਈ ਜੋਧਪੁਰ ਦੇ ਕੈਦੀਆ ਦੀ ਰਿਹਾਈ, ਦਿੱਲੀ ਦੰਗਿਆਂ ਦੇ ਕਾਤਲਾਂ ਨੂੰ ਸਜ਼ਾਵਾਂ, ਕਾਲੇ ਕਾਨੂੰਨਾਂ ਦੀ ਵਾਪਸੀ, ਝੂਠੇ ਪੁਲਿਸ ਮੁਕਾਬਲੇ ਬੰਦ ਕੀਤੇ ਜਾਣ ਆਦਿਕ ਮੰਗਾਂ ਮੰਨੀਆਂ ਜਾਣੀਆਂ ਜ਼ਰੂਰੀ ਹਨ। ਅਸੀਂ ਇਹਨਾਂ ਦੀ ਡਟਵੀਂ ਹਮਾਇਤ ਕਰਨੀ ਹੈ। ਸਾਂਝੇ ਸੰਘਰਸ਼ ਵੀ ਜਿਥੇ ਮੁਮਕਿਨ ਹੋਣ ਕਰਨੇ ਹਨ ਪਰ ਇਹ ਕਰਦਿਆਂ ਇਹ ਕਦੇ ਨਹੀਂ ਭੁਲਣਾ ਕਿ ਇਹ ਸਾਡੀ ਸਿਆਸਤ ਦਾ ਧੁਰਾ ਨਹੀਂ ਹਨ। ਕ੍ਰੂੜਾਂ ਲੋਕਾਂ ਦੀ ਮੁਕਤੀ ਇਹ ਮੰਗਾਂ ਪੂਰੀਆਂ ਹੋਣ ਤੇ ਨਹੀਂ ਹੋਣੀ। ਇਹ ਮੁਕਤੀ ਇਨਕਲਾਬੀ ਸਿਆਸਤ ਦੀ ਜਿਤ ਨਾਲ ਹੀ ਹੋਣੀ ਹੈ। ਹਰ ਮੌਕੇ ਤੇ ਇਹ ਗੱਲ ਲੋਕਾਂ ਤਕ ਪੁਜਣੀ ਜ਼ਰੂਰੀ ਹੈ। ਇਹੀ ਸਹੀ ਸਿਆਸਤ ਹੈ।

ਇਸ ਅੰਕ ਵਿਚ :—ਸੰਪਾਦਕੀ– ਇਨਕਲਾਬੀ ਕੇਡਰ ਲਈ ਕੁਝ ਸੋਚਣ ਦੀਆਂ ਗੱਲਾਂ।

o ਸੰਪਾਦਕੀ ਟਿਪਣੀਆਂ o ਭਾਰਤ ਵਿਚ ਜਮਹੂਰੀ ਹੱਕਾਂ ਦੀ ਲਹਿਰ ਦੀ ਸਥਿਤੀ ਅਤੇ ਸਮੱਸਿਆਵਾਂ/ਸੁੱਚਾ ਸਿੰਘ ਗਿੱਲ

o ਇਕ ਨਿੱਜੀ ਲਿਖਤ : ਸੁਰਖ ਰੇਖਾ ਦੀਆਂ ਬੇਥੱਵੀਆਂ

**ਧਾਰਮਕ ਮੂਲਵਾਦ** ਇਸ ਵੇਲੇ ਭਾਰਤ ਦੇ ਵਰਤਾਰੇ ਵਿਚ ਬੜਾ ਸਿਰ ਚੁੱਕ ਰਿਹਾ ਹੈ। ਇਹਦਾ ਮੁਕਾਬਲਾ ਕਰਨਾ ਬਹੁਤ ਜ਼ਰੂਰੀ ਹੈ। ਅਸੀਂ ਸਾਰੇ ਘੱਟ ਗਿਣਤੀ ਦੀਆਂ ਕੌਮੀਅਤਾਂ ਦੀ ਸਭਿਆਚਾਰਕ ਅਤੇ ਇਲਾਕਾਈ ਪਹਿਚਾਣ ਕਾਇਮ ਰੱਖਣ ਦੇ ਮੁਦੱਈ ਹਾਂ। ਅਸੀਂ ਇਹ ਨਹੀਂ ਚਾਹੁੰਦੇ ਕਿ ਭਾਰਤ ਦੀ ਏਕਤਾ ਜਾਂ ਅਖੰਡਤਾ ਦੇ ਨਾਂ ਤੇ ਬਹੁਗਿਣਤੀ ਦੇ ਲੋਕ ਉਹਨਾਂ ਦੀ ਸੋਚ ਤੇ ਹਾਵੀ ਹੋਣ ਪਰ ਅਸੀਂ ਇਸ ਗੱਲ ਦੇ ਵੀ ਬਿਲਕੁਲ ਵਿਰੁੱਧ ਹਾਂ ਕਿ ਵੱਖ ਵੱਖ ਲੋਕ ਆਪਣੀ ਪਰੰਪਰਾ ਨੂੰ ਸਾਂਭਣ ਦੇ ਨਾਂ ਤੇ ਜਾਂ ਆਪਣੀ ਪਹਿਚਾਣ ਕਾਇਮ ਰਖਦੇ ਦੇ ਨਾਂ ਤੇ ਸਮੇਂ ਦੀ ਚਾਲ ਉਤੇ ਰੋਕ ਪਾਉਣ ਅਤੇ ਇਸ ਦਾ ਪਹੀਆ ਪਿਛੇ ਮੋੜਣ। ਇਸ ਕਿਸਮ ਦੇ ਮੂਲਵਾਦੀ ਵਰਤਾਰੇ ਵਿਰੁੱਧ ਸਾਡੀ ਸਿੱਧੀ ਟੱਕਰ ਹੈ। ਇਹਦੀਆਂ ਮਿਸਾਲਾਂ ਈਰਾਨ ਅਤੇ ਮਲੇਸ਼ੀਆਂ ਵਿਚ ਇਸਲਾਮ ਦੇ ਮੂਲਵਾਦੀ ਵਰਤਾਰੇ ਨੂੰ ਕਾਇਮ ਰਖਣ ਦੇ ਨਾਂ ਤੇ ਔਰਤਾਂ ਲਈ ਬੁਰਕੇ ਦੀ ਰਸਮ ਨੂੰ ਵਾਪਸ ਲਿਆਉਣਾ ਹੈ। ਭਾਰਤ ਵਿਚ ਸਤੀ ਦੀ ਰਸਮ ਦੇ ਪੱਖ ਵਿਚ ਧਾਰਮਕ ਲਹਿਰ ਚਲਾਉਣਾ ਹੈ। ਹਿੰਦੂ ਰਹੁ-ਰੀਤੀਆਂ ਜੋ ਸਮਾਂ ਵਿਆਹ ਗਈਆਂ ਹਨ, ਉਹਨਾਂ ਨੂੰ ਭਾਰਤੀ ਸਭਿਆਚਾਰ ਦੀ ਕੁੰਜੀ ਕਰਾਰ ਦੇਣਾ ਹੈ। ਪੰਜਾਬ ਵਿਚ ਭਿੰਡਰਾਂ ਵਾਲੇ ਹਮੈਤੀਆਂ ਵਲੋਂ ਬੰਦੂਕ ਦੀ ਨੋਕ ਤੇ ਹੁਕਮ ਚੜ੍ਹਾਉਣਾ ਹੈ ਕਿ ਲੋਕ ਖਾਸ ਕਰਕੇ ਔਰਤਾਂ ਕੀ ਪਹਿਨਣ, ਕੀ ਨਾ ਪਹਿਨਣ, ਕੀ ਖਾਣ ਕੀ ਨਾ ਖਾਣ। ਧਾਰਮਕ ਰਹੁਰੀਤੀਆਂ ਭਾਵੇਂ ਉਹ ਧਾਰਮਕ ਗ੍ਰੰਥਾਂ ਵਿਚ ਵੀ ਸ਼ਾਮਲ ਹੋਣ, ਉਹਨਾਂ ਵਲ ਸਾਡੀ ਪਹੁੰਚ ਅੰਨ੍ਹੀ ਸ਼ਰਧਾ ਵਾਲੀ ਨਹੀਂ, ਸਗੋਂ ਵਿਗਿਆਨਿਕ ਲੀਹਾਂ ਤੇ ਚਲਦਿਆਂ ਹੋਇਆਂ ਅਲੋਚਨਾਤਨਕ ਹੋਣੀ ਚਾਹੀਦੀ ਹੈ। ਅਸੀਂ ਸਮਝਦੇ ਹਾਂ ਕਿ ਧਰਮ ਗਰੰਥਾਂ ਵਿਚ ਦਿਤੀਆਂ ਹੋਈਆਂ ਸਚਾਈਆਂ ਅਜ ਦੇ ਮਨੁੱਖ ਲਈ ਦਿਸ਼ਾਦਾਤਾ ਦੀ ਭੂਮਿਕਾ ਨਿਭਾਉਣ ਲਈ ਕਾਫੀ ਨਹੀਂ। ਸਾਡੇ ਬਹੁਤ ਸਾਰੇ ਬੁਧੀਜੀਵੀ ਨਵੀਆਂ ਨਵੀਆਂ ਵਿਆਖਿਆ ਅਗੇ ਲਿਆਕੇ ਇਹ ਕੁਝ ਕਰਨ ਦੀ ਗਲਤੀ ਕਰ ਰਹੇ ਹਨ। ਯੂਨੀਵਰਸਟੀਆਂ ਕ੍ਰੋੜਾਂ ਰੁਪਏ ਇਤੇ ਮੰਤਵ ਲਈ ਖਰਚ ਰਹੀਆਂ ਹਨ। ਇਸ ਗਲਤ ਵਰਤਾਰੇ ਬਾਰੇ ਸਾਨੂੰ ਖਬਰਦਾਰ ਰਹਿਣਾ ਚਾਹੀਦਾ ਹੈ।

**ਫਿਰਕਾ ਪ੍ਰਸਤੀ**— ਜਿਸ ਨੇ ਇਤਿਹਾਸ ਵਿਚ ਲੱਖਾਂ ਕ੍ਰੋੜਾਂ ਲੋਕਾਂ ਦਾ ਖ਼ੂਨ ਵਹਾਇਆ ਹੈ, ਅਤੇ ਖਾਸ ਕਰਕੇ ਔਰਤ ਜ਼ਾਤ ਵਲ ਬੇਤਹਾਸ਼ਾ ਜ਼ੁਲਮ ਕਮਾਇਆ ਹੈ, ਉਹਦੀ ਜੜ੍ਹ ਹਰ ਇਕ ਧਰਮ ਅਤੇ ਉਹਦੇ ਪੈਰੋਕਾਰਾਂ ਵਿਚ ਮੌਜੂਦ ਹੈ,ਜਦੋਂ ਉਹ ਸਮਝਦੇ ਹਨ ਕਿ ਉਹਨਾਂ ਦੇ ਧਰਮ ਵਿਚ ਹੀ ਆਖਰੀ ਸਚਾਈ ਹੈ, ਉਹਨਾਂ ਦਾ ਧਰਮ ਹੀ ਸਾਰਿਆਂ ਨਾਲੋਂ ਉੱਚਾ ਹੈ ਅਤੇ ਉਹਨਾਂ ਦਾ ਧਰਮ ਸਾਰਿਆਂ ਨਾਲੋਂ ਉੱਚਾ ਹੈ । ਉਤੋਂ ਉਤੋਂ ਕਹੀ ਜਾਣਗੇ ਕਿ ਮਜ਼ਹਬ ਨਹੀਂ ਸਿਖਾਤ੍ਰਾ ਆਪਸ ਮੇਂ ਬੈਰ ਰਖਣਾ ਪਰ ਅਚੇਤ ਹੀ ਉਹਨਾਂ ਦੇ ਮਨ ਵਿਚ ਦੂਜੇ ਧਰਮਾਂ ਦੇ ਪੈਰੋਕਾਰਾਂ ਲਈ ਨਫਰਤ ਆ ਜਾਂਦੀ ਹੈ ਕਿਉਂਕਿ ਜੜ੍ਹ ਰੂਪ ਵਿਚ ਹਰ ਇਕ ਧਰਮ ਵਿਚ ਇਹ ਫਲਸਫ਼ਾ ਹਾਵੀ ਹੈ। ਉਨ੍ਹਾਂ ਦਾ ਧਰਮ ਹੀ ਸਰਵ ਉਚਿਤ ਹੈ। ਕਵੀ ਇਕਬਾਲ ਜਿਸ ਦੀਆਂ ਉਪਰ ਲਾਈਨਾਂ ਕਹੀਆਂ ਗਈਆਂ ਹਨ, ਉਹ ਵੀ ਉਮਰ ਦੇ ਆਖਰੀ ਪੜਾਅ ਵਿਚ ਇਸੇ ਨਫਰਤ ਦਾ ਸ਼ਿਕਾਰ ਸੀ। ਇਹ ਨਫਰਤ ਹੀ ਫਿਰਕਾਪ੍ਰਸਤੀ ਹੈ, ਜੋ ਮੌਕਾ ਮਿਲਣ ਤੇ ਫਿਰਕੂ ਫਸਾਦਾਂ ਅਤੇ ਦੰਗਿਆਂ ਵਿਚ ਬਦਲ ਜਾਂਦੀ ਹੈ। ਭਾਰਤ ਸਾਰੇ ਦਾ ਅਤੇ ਪੰਜਾਬ ਦਾ ਪਿਛਲੇ ਸੌ ਸਾਲਾਂ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਹੈ।

**ਨਾਸਤਕਤਾ** —ਆਪਣੇ ਆਪ ਵਿਚ ਫਲਸਫੇ ਦੇ ਤੌਰ ਤੇ ਜ਼ਿੰਦਗੀ ਵਲ ਇਕ ਵਿਗਿਆਨਿਕ ਪਹੁੰਚ ਦੀ ਧਾਰਨੀ ਹੈ। ਇਹ ਫਲਸਫ਼ਾ ਜੜਰੂਪ ਵਿਚ ਫਿਰਕਾਪ੍ਰਸਤੀ ਦਾ ਸਹੀ ਜਵਾਬ ਹੈ। ਇਹ ਫਲਸਫਾ ਬੰਦੇ ਨੂੰ ਧਾਰਮਕ ਸ਼ਾਵਨਵਾਦ ਦਾ ਸ਼ਿਕਾਰ ਨਹੀਂ ਹੋਣ ਦੇਂਦਾ। 1947 ਵੇਲੇ ਵੀ ਅਤੇ ਹੁਣ ਵੀ ਪੰਜਾਬ ਵਿਚ ਜੇਕਰ ਇਕ ਸ਼ਾਨਦਾਰ ਭੂਮਿਕਾ ਨਿਭਾ ਸਕੇ ਹਨ (ਇਹ ਹੁਣ ਕਮਿਊਨਿਸਟਾਂ ਦੇ ਕੱਟੜ ਵਿਰੋਧੀ ਵੀ ਸਵੀਕਾਰ ਕਰਦੇ ਹਨ) ਤਾਂ ਬੁਨਿਯਾਦੀ ਤੌਰ ਤੇ ਨਾਸਤਕਤਾਂ ਵਾਲੇ ਫਲਸਫੇ ਦੀ ਦੇਣ ਹੈ। ਕਮਿਊਨਿਸਟ ਪੰਜਾਬ ਦੀ ਸਮੁੱਚੀ ਸਿਆਸਤ ਵਿਚ ਹਾਲੇ ਫੈਸਲਾਕੁਣ ਭੂਮਿਕਾ ਕਿਉਂ ਨਹੀਂ ਨਿਭਾ ਸਕੇ ਇਹ ਬਹਿਸ ਦਾ ਨੁਕਤਾ ਹੋ ਸਕਦਾ ਹੈ, ਪਰ ਇਸ ਗਲੋਂ ਕੋਈ ਨਹੀਂ ਮੁਨੱਕਰ ਹੋ ਸਕਦਾ ਕਿ ਕਿ ਧਰਮਾਂ ਦੇ ਹਰ ਆਪਸੀ ਝਗੜੇ ਵੇਲੇ ਕਮਿਊਨਿਸਟ ਹੀ ਇਨਸਾਨੀਅਤ ਦੇ ਪੱਖ ਵਿਚ ਹਰ ਮੋਰਚੇ ਤੇ ਦ੍ਰਿੜਤਾ ਨਾਲ ਖਲੋਤੇ ਹਨ। ਇਹ ਗੱਲ ਵੀ ਨੋਟ ਕਰਨ ਦੇ ਯੋਗ ਹੈ ਕਿ ਜੰਗੇ ਆਜ਼ਾਦੀ ਦਾ ਸਾਰਿਆਂ ਨਾਲੋਂ ਬੇਹਤਰੀਨ ਸਿਪਾਹੀ ਭਗਤ ਸਿੰਘ ਇਕ ਨਾਸਤਕ ਸੀ। ਫਾਂਸੀ ਦੇ ਤਖਤੇ ਤੇ ਵੀ ਉਹਨੇ ਐਲਾਨੀਆਂ ਕਿਹਾ ਸੀ ਕਿ ਉਹ ਨਾਸਤਕ ਹੈ ਕਿਉਂਕਿ ਇਸ ਫਲਸਫੇ ਨੇ ਹੀ ਉਸਨੂੰ ਦੇਸ਼ ਭਗਤੀ ਦੇ ਫੋਕੇ ਫਲਸਫੇ ਤੋਂ ਮੁਕਤ ਕਰਵਾਕੇ ਇਕ

ਇਨਕਲਾਬੀ ਬਣਨ ਵਿਚ ਸਹਾਇਤਾ ਕੀਤੀ ਸੀ । ਉਹਨੇ ਆਪਣਾ ਨਿਸ਼ਾਨਾ ਸਿਰਫ ਦੇਸ਼ ਦੀ ਆਜ਼ਾਦੀ ਤਕ ਸੀਮਤ ਨਹੀਂ ਰਖਿਆ, ਸਗੋਂ ਇਨਕਲਾਬ ਸਿਖਿਆ ਜਿਥੇ ਮਨੁੱਖ ਦੇ ਹਥੋਂ ਮਨੁੱਖ ਦੀ ਲੁੱਟ ਖਤਮ ਹੋਵੇਗੀ । ਉਹਦੇ ਲਈ ਇਹ ਕਾਫੀ ਨਹੀਂ ਸੀ ਕਿ ਗੋਰੇ ਅੰਗਰੇਜ਼ ਚੱਲੇ ਜਾਣ ਅਤੇ ਕਾਲੇ ਅੰਗਰੇਜ਼ ਆ ਜਾਣ । ਨਾਸਤਕਤਾ ਦਾ ਇਹ ਫਲਸਫਾ ਜ਼ਿੰਦਗੀ ਨੂੰ ਅੰਧ-ਵਿਸ਼ਵਾਸ਼ ਤੋਂ ਮੁਕਤ ਕਰਵਾਕੇ ਯਥਾਰਥ ਵਲ ਲਿਆਉਂਦਾ ਹੈ । ਸਾਨੂੰ ਇਸ ਫਲਸਫੇ ਤੇ ਮਾਨ ਹੋਣਾ ਚਾਹੀਦਾ ਹੈ.।

**ਸਾਹਿਤ ਸਭਿਆਚਾਰ** ਵਲ ਸਾਡੀ ਪਹੁੰਚ ਇਹ ਹੋਣੀ ਚਾਹੀਦੀ ਹੈ ਕਿ ਉਹ ਸਾਧਾਰਨ ਲੋਕਾਂ ਦੀ ਜਾਗ੍ਰਿਤੀ ਕਰ ਸਕੇ । ਇਸ ਗਲੋਂ ਸਾਡੀ ਪਹੁੰਚ ਬੁਰਜੁਆ ਸਾਹਿਤ ਤੋਂ ਬਿਲਕੁਲ ਵੱਖ ਹੈ । ਸਾਡੇ ਮਾਪਦੰਡ ਵੀ ਬਿਲਕੁਲ ਵੱਖ ਹਨ । ਸਾਡਾ ਇਨਕਲਾਬੀ ਕਵੀ ਪਾਸ਼ ਆਪਣੀ ਕਵਿਤਾ ਬਾਰੇ ਗੱਲ ਕਰਦਾ, ਇਸ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਸੀ । ਖੇਤਾਂ ਦੇ ਪੁੱਤ ਕੋਲੋਂ ਇਹ ਆਸ ਨਾ ਰਖਣੀ ਕਿ ਉਹ ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰੇਗਾ । ਕਵਿਤਾ ਦੇ ਨਾਲ ਉਹਦੀਆਂ ਲਿਖੀਆਂ ਕੁਝ ਲੋਕ ਬੋਲੀਆਂ ਲੋਕ ਸਾਹਿਤ ਵਿਚ ਅਮਰ ਦਰਜਾ ਰਖਣਗੀਆਂ ।

1) ਗਰੀਬੂ ਮਜ਼ਹਬੀ ਦਾ ਦੌਲਤੂ ਸ਼ਾਹ ਨਾਲ ਘੋਲ
2) ਵਡੀ ਹਵੇਲੀ ਚੋਂ ਕੋਈ ਧਾਹਾਂ ਮਾਰਦੀ ਨਿਕਲੀ
3) ਹਾਕਮਾਂ ਨੇ ਨਹੀਂ ਸੁਨਣੀ, ਲੋਕੋ ਡਾਂਗੀ ਸੰਮ ਚੜ੍ਹਾ ਲੋ
4) ਖੰਡੇ ਦਾ ਕੀ ਰਖਣਾ, ਜੇ ਲਿਆ ਮਿਆਨੇ ਪਾ

ਨਾਟਕਾਂ ਵਿਚ ਅਸੀਂ ਨੁੱਕਰ ਨਾਟਕ ਅਤੇ ਪੇਂਡੂ ਨਾਟਕਾਂ ਦੀ ਸਾਦੀ ਸ਼ੈਲੀ ਅਪਣਾ ਕੇ ਗੱਲ ਲੋਕਾਂ ਤਕ ਲਿਜਾਂਦੀ ਹੈ । ਆਪਣੇ ਗੀਤਾਂ ਨੂੰ ਗਾਉਣ ਲਈ ਵੀ ਅਸੀਂ ਆਪਣੀ ਵਿਸ਼ੇਸ਼ ਸ਼ੈਲੀ ਦਾ ਵਿਕਾਸ ਕਰਨਾ ਹੈ । ਸ਼ਬਦ, ਭਜਨ ਆਦਿਕ ਬੋਲਣ ਲਈ ਸੰਗੀਤ ਦੀਆਂ ਉਹ ਤਰਜ਼ਾਂ, ਰਾਗ ਆਦਿਕ ਅਪਣਾਏ ਜਾਂਦੇ ਹਨ, ਜੋ ਬੰਦੇ ਨੂੰ ਮੁਗੱਧ ਕਰਨ ਸ਼ਬਦਾਂ ਦਾ ਦੁਹਰਾ ਰਾਮ ਰਾਮ, ਵਾਹਿਗੁਰੂ ਵਾਹਿਗੁਰੂ, ਅਲ੍ਹਾ ਅਲ੍ਹਾ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਬੰਦਾ ਮਸਤ ਹੋਕੇ ਝੂੰਮੀ ਜਾਏ । ਅਸੀਂ ਆਪਣੇ ਗੀਤਾਂ ਵਿਚ ਇਸਦੇ ਉਲਟ ਮਸਤੀ ਦੀ ਥਾਂ ਰੋਹ ਉਪਜਨ ਕਰਨਾ ਹੈ । ਇਸ ਲਈ ਸਾਡੀ ਸ਼ਬਦਾਂ ਦੀ ਚੋਣ ਅਤੇ ਗੀਤ ਦੀ ਸ਼ੈਲੀ ਬਿਲਕੁਲ ਵੱਖ ਹੋਵੇਗੀ ।

**ਅਜੇ ਸਾਡੀ ਲੋੜ ਹੈ** ਕਿ ਆਪਣੇ ਨਿਸ਼ਾਨਿਆਂ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹੋਕੇ ਆਪਣੀ ਸ਼ਕਤੀ ਨੂੰ ਖਿੰਡਰਤ ਨਿਸ਼ਾਨਿਆਂ ਦੀ ਥਾਂ ਸਹੀ ਨਿਸ਼ਾਨੇ ਤੇ ਕੇਂਦ੍ਰਿਤ ਕਰੀਏ ਅਤੇ ਕੂੜਾਂ ਦੱਬੇ ਕੁੱਚਲੇ ਲੋਕਾਂ ਦੀ ਮੁਕਤੀ ਦਾ ਸੰਘਰਸ਼ ਜਿੱਤ ਦੀ ਮੰਜ਼ਿਲ ਤਕ ਪੁਚਾਈਏ ।

—ਗੁਰਸ਼ਰਨ ਸਿੰਘ


ਪੰਜਾਬ ਦੀ ਸਥਿਤੀ ਤੇ ਗੁਰਸ਼ਰਨ ਸਿੰਘ ਦੇ ਨਾਟਕ

**'ਬਾਬਾ ਬੋਲਦਾ ਹੈ'**

ਕੀਮਤ 10/-

**ਨਵਾਂ ਜਨਮ ਅਤੇ ਹੋਰ ਨਾਟਕ**

ਗੁਰਸ਼ਰਨ ਸਿੰਘ

ਕੀਮਤ 10/-

## ਸੰਪਾਦਕੀ ਟਿਪਣੀਆਂ :

### o ਪੰਜਾਬ ਦੇ ਲੋਕਾਂ ਨੂੰ ਹਾਲੇ ਲੰਮੇ ਸਮੇਂ ਲਈ ਸੰਤਾਪ ਭੋਗਣਾ ਪੈਣਾ ਹੈ

ਬਹੁਤ ਸਾਰੇ ਗੁੰਮਰਾਹ ਹੋਏ ਸਿੱਖ ਨੌਜਵਾਨਾਂ ਨੂੰ ਯਤਨ ਕਰਕੇ ਦਹਿਸ਼ਤ-ਗਰਦੀ ਦੇ ਰਾਹ ਤੋਂ ਮੋੜਿਆ ਜਾ ਸਕਦਾ ਹੈ ਪਰ ਕੇਂਦਰ ਸਰਕਾਰ ਦੀਆਂ ਨੀਤੀਆਂ ਇਸ ਅਮਲ ਵਿਚ ਬਹੁਤ ਵਡੀ ਰੁਕਾਵਟ ਹਨ। ਹਿੰਦੂ ਵੋਟ ਨੂੰ ਪੱਕਿਆਂ ਕਰਨ ਲਈ, ਰਾਜੀਵ ਸਰਕਾਰ ਸਿਖ ਦੁਸ਼ਮਣੀ ਦਾ ਕੋਈ ਨਾ ਕੋਈ ਪੜਪੰਚ ਰਚਾਈ ਰਖਣਾ ਚਾਹੁੰਦੀ ਹੈ। ਇੰਦਰਾ ਗਾਂਧੀ ਦੇ ਹਤਿਆ ਕੇਸ ਵਿਚ ਪਹਿਲੇ ਕ੍ਰੇਹਰ ਸਿੰਘ ਨੂੰ ਫਾਂਸੀ ਲਗਾ ਦਿਤੀ ਗਈ। ਭਾਰਤ ਭਰ ਵਿਚ ਬਹੁਤ ਵਡੀ ਜਮਹੂਰੀ ਆਵਾਜ਼ ਇਹਦੇ ਵਿਰੁੱਧ ਸੀ। ਹੁਣ ਉਸੇ ਹੱਤਿਆ ਕਾਂਡ ਵਿਚ ਪੰਜਾਂ ਹੋਰਾਂ ਉਤੇ ਕਥਿਤ ਸ਼ਮੂਲੀਅਤ ਕਾਰਨ ਮੁਕੱਦਮਾ ਸ਼ੁਰੂ ਕੀਤਾ ਗਿਆ ਹੈ। ਉਂਝ ਇਹੋ ਜਿਹੀ ਸਾਜ਼ਸ਼ ਦੇ ਕੇਸ ਵਿਚ ਤਾਂ ਹਰ ਇਕ ਸਿਖ ਸ਼ਹਿਰੀ ਨੂੰ ਫਸਾਇਆ ਜਾ ਸਕਦਾ ਹੈ ਕਿਉਂਕਿ ਜੂਨ 84 ਦੇ ਦਰਬਾਰ ਸਾਹਿਬ ਐਕਸ਼ਨ ਬਾਅਦ ਤਕਰੀਬਨ ਹਰ ਇਕ ਸਿਖ ਗੁਰਦੁਆਰੇ ਵਿਚ ਇਹ ਅਰਦਾਸ ਹੁੰਦੀ ਸੀ :

"ਹੇ ਗੁਰੂ ਤੇਰੇ ਘਰ ਦੀ ਬੜੀ ਬੇਪੱਤੀ ਹੋਈ ਹੈ। ਸਾਨੂੰ ਸ਼ਕਤੀ ਦੇਹ ਕਿ ਇਸਦਾ ਬਦਲਾ ਲੈ ਸਕੀਏ।

ਮੱਸਾ ਰੰਗੜ ਦੀਆਂ ਮਿਸਾਲਾਂ ਵੀ ਆਮ ਦਿਤੀਆਂ ਜਾਂਦੀਆਂ ਸਨ। ਸਿਖ ਕਾਰਡ ਨੂੰ ਰਾਜੀਵ ਗਾਂਧੀ ਅਤੇ ਉਹਦੇ ਲਾਈਲਗ ਬੜੀ ਬੇਸ਼ਰਮੀ ਨਾਲ ਖੇਡਣਾ ਚਾਹੁੰਦੇ ਹਨ। ਧਾਰਮਕ ਮੂਲਵਾਦ ਅਤੇ ਫਿਰਕਾ-ਪ੍ਰਸਤੀ ਵਿਰੁੱਧ ਖੱਬੀ ਧਿਰ ਦਾ ਸੰਘਰਸ਼ ਤਾਂ ਹੀ ਕਾਮਯਾਬ ਹੋ ਸਕਦਾ ਹੈ ਜੇ ਰਾਜੀਵ ਸਰਕਾਰ ਨੂੰ ਹਟਾਉਣਾ ਇਸ ਸੰਘਰਸ਼ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਏ। ਪੰਜਾਬ ਮਸਲਾ ਰਾਜੀਵ ਨੂੰ ਗੱਦੀ ਤੋਂ ਲਾਹੇ ਬਿਨਾਂ ਕਦੀ ਵੀ ਹੱਲ ਨਹੀਂ ਹੋ ਸਕਦਾ।

### o ਪਾਰਲੀਮੈਨੀ ਸੰਸਥਾ ਦੀ ਪਵਿਤ੍ਰਤਾ ਬਾਰੇ

ਪਿਛਲੇ 40 ਸਾਲਾਂ ਤੋਂ ਬੜੇ ਢੋਲ ਪਿੱਟੇ ਜਾ ਰਹੇ ਹਨ। ਕਮਿਊਨਿਸਟ ਇਨਕਲਾਬੀ ਇਸ ਗੱਲ ਦਾ ਮਾਣ ਕਰ ਸਕਦੇ ਹਨ ਕਿ ਉਹਨਾਂ ਨੇ ਹਮੇਸ਼ਾ ਇਸ ਸੰਸਥਾਂ ਨੂੰ ਬੇਅਸੂਲੇ ਸਿਆਸਤਦਾਨਾਂ ਦੇ ਕੁਰਸੀ ਖਾਤਿਰ ਘੋਲ ਅਖਾੜੇ ਤੋਂ ਸਿਵਾ ਕਦੀ ਹੋਰ ਨਾਂ ਨਹੀਂ ਦਿਤਾ। ਪਿਛਲੇ ਕੁਝ ਚਿਰਾਂ ਤੋਂ ਤਾਮਿਲਨਾਡੂ ਤੋਂ ਲੈਕੇ ਕਸ਼ਮੀਰ ਤਕ ਦੀਆਂ (ਕੰਨਿਆ ਕੁਮਾਰੀ ਤੋਂ ਲੈ ਕੇ ਕਸ਼ਮੀਰ ਤਕ ਸਾਰਾ ਭਾਰਤ ਇਕ ਹੈ) ਅਸੈਂਬਲੀਆਂ ਅਤੇ ਦਿੱਲੀ ਪਾਰਲੀਮੈਂਟ ਵਿਚ ਦੋ ਮੈਂਬਰਾਂ ਦਰਮਿਆਨ ਜੂਤ ਪਤੰਗ, ਹਥੋਪਾਈ ਅਤੇ ਗਾਲ੍ਹਾਂ ਦੀ ਵਰਖਾ ਹੋ ਰਹੀ ਹੈ, ਉਹ ਇਸ ਸੰਸਥਾਂ ਦੀ ਪਵਿਤ੍ਰਤਾ ਦੀ ਸਹੀ ਤਸਵੀਰ ਹੈ। ਅਖ਼ਬਾਰਾਂ ਵਿਚ ਭਾਵੇਂ ਗਾਲ੍ਹਾਂ ਦੀਆਂ ਉਹ ਵੰਨਗੀਆਂ ਨਹੀਂ ਆਂਦੀਆਂ (ਉਹਨਾਂ ਨੂੰ ਕਾਰਵਾਈ ਵਿਚੋਂ ਕੱਢਿਆ ਗਿਆ ਸਮਝਿਆ ਜਾਂਦਾ ਹੈ) ਪਰ ਉਹ ਮਾਦਰ ਚੋ... ਅਤੇ ਭੈਣ ਚੋ... ਤਕ ਪਹੁੰਚ ਗਈਆਂ ਹਨ। ਪਾਰਲੀਮੈਂਟ ਵਿਚ ਬੈਠੀਆਂ ਔਰਤਾਂ ਮੈਂਬਰਾਂ ਦੀ ਇਸ ਬਾਰੇ ਕੀ ਰਾਏ ਹੈ, ਇਹ ਜਾਣਨਾ ਦਿਲਚੱਸਪ ਗੱਲ ਹੋਵੇਗੀ। ਇਹ ਉਮੀਦ ਕੀਤੀ ਜਾਂਦੀ ਹੈ ਕਿ ਨੇੜੇ ਭੱਵਿੱਖ ਵਿਚ ਉਹਨਾਂ ਨੂੰ ਇਹਨਾਂ ਗਾਲ੍ਹਾਂ ਦੇ ਕਾਰਨ ਹੀ ਰੋਸ ਵਜੋਂ ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚੋਂ ਵਾਕ-ਆਊਟ ਕਰਨਾ ਪਵੇਗਾ।

### o ਮਨੁੱਖੀ ਹੱਕਾਂ ਦੀ ਗੱਲ :

ਪੰਜਾਬ ਵਿਚ ਮਨੁੱਖੀ ਹੱਕਾਂ ਦੀ ਜੋ ਮਿੱਟੀ ਪਲੀਤ ਹੋ ਰਹੀ ਹੈ, ਇਹ ਆਪਣੇ ਆਪ ਵਿਚ ਇਕ ਕਾਲੇ ਇਤਿਹਾਸ ਦਾ ਰੂਪ ਧਾਰ ਚੁੱਕੀ ਹੈ। ਇਸ ਕਾਲੇ ਇਤਿਹਾਸ ਨੂੰ ਲਿਖਣ ਵਾਲੀਆ ਦੋ ਹੀ ਧਿਰਾਂ ਹਨ। ਹੁਣ ਮੁੱਖ ਤੌਰ ਤੇ ਭਾਰਤੀ ਸਟੇਟ ਅਤੇ ਕਿਸੇ ਵੇਲੇ ਮੁੱਖ ਤੌਰ ਤੇ ਧਾਰਮਕ ਜਨੂੰਨੀ। ਇਹਨਾਂ ਧਿਰਾਂ ਦੀ ਭੂਮਿਕਾਵਾਂ ਦੀ ਦਰਜਾਬੰਦੀ ਸਮੇਂ ਸਮੇਂ ਬਦਲਦੀ ਰਹੀ ਹੈ, ਪਰ ਬੁਨਿਆਦੀ ਸੋਚ ਦੋਨਾਂ ਦੀ ਇਕੋ ਹੈ ਕਿ ਜੋ ਤੁਹਾਡੇ ਵਿਰੁੱਧ ਹੈ, ਉਹਦੀ ਜ਼ਬਾਨ ਬੰਦ ਕਰ ਦਿਤੀ ਜਾਏ। ਪੰਜਾਬ ਵਿਚ ਭਾਰਤੀ ਸਟੇਟ ਦੇ ਨੰਗੇ ਚਿੱਟੇ ਜਬਰ ਨੂੰ ਜਮਹੂਰੀ ਹੱਕਾਂ ਦੀਆਂ ਰਾਖੀ ਲਈ ਬਣੀਆਂ ਸੰਸਥਾਵਾਂ ਦੀਆਂ ਜਾਂਚ ਕਮੇਟੀਆਂ ਨੇ ਪੂਰੀ ਤਰ੍ਹਾਂ ਨੰਗਾ ਕੀਤਾ ਹੈ। ਇਸ ਬਾਰੇ ਸਾਰਿਆਂ ਨਾਲੋਂ ਸਹੀ ਅਤੇ ਜਜ਼ਬਿਆਂ ਨੂੰ ਟੁੰਬਣ ਵਾਲੀ ਰੀਪੋਰਟ State Terrorism in Punjab issued by Committee for Information and initiative on Punjab C/o Nitya & Ashok, 66—Babar Road, Naw Delhi-110001 ਹੈ। ਇਹ ਰੀਪੋਰਟ ਜਿਸ ਤਰ੍ਹਾਂ ਕਿ ਇਸਦਾ ਸਿਰਲੇਖ ਦਸਦਾ ਹੈ, ਸਰਕਾਰੀ ਦਹਿਸ਼ਤਗਰਦੀ ਬਾਰੇ ਰੀਪੋਰਟ ਹੈ। ਇਹ

ਲੱਖਾਂ ਦੀ ਗਿਣਤੀ ਵਿਚ ਵੰਡੀ ਜਾਣ ਵਾਲੀ ਰੀਪੋਰਟ ਹੈ ਜੋ ਪੰਜਾਬ ਦੇ ਬਾਹਰ ਭਾਰਤ ਦੇ ਲੋਕਾਂ ਨੂੰ ਪੰਜਾਬ ਬਾਰੇ ਸਹੀ ਜਾਣਕਾਰੀ ਦੇਂਦੀ ਹੈ। ਇਹ ਰੀਪੋਰਟ ਹੋਰ ਵੀ ਅਸਰਦਾਇਕ ਹੋ ਸਕਦੀ ਸੀ ਜੇ ਭੂਮਿਕਾ ਵਿਚ ਭਿੰਡਰਾਂ ਵਾਲੇ ਦੇ ਉਸ ਭੜਕਾਊ ਬਿਆਨ ਦਾ ਵੀ ਜ਼ਿਕਰ ਹੋਜਾਂਦਾ ਜੋ ਉਹਨੇ ਮੰਜੀ ਸਾਹਿਬ ਦੇ ਇਕ ਦੀਵਾਨ ਵਿਚ ਦਿਤਾ ਸੀ ਕਿ ਇਕ ਸਿਖ ਦੇ ਹਿੱਸੇ 35 ਹਿੰਦੂ ਆਂਦੇ ਹਨ।(ਇਸ ਸਤਰਾਂ ਦੇ ਲੇਖਕ ਨੇ ਇਹ ਬਿਆਨ ਆਪਣੇ ਕੰਨਾਂ ਨਾਲ ਸੁਣਿਆ ਹੋਇਆ ਹੈ) ਇਹ ਵੀ ਜ਼ਿਕਰ ਹੁੰਦਾ ਹੈ 484 ਹਿੰਦੂ ਅਤੇ ਨਿਰੰਕਾਰੀ 117 ਸਿਖਾਂ ਸਮੇਤ ਜੂਨ 1984 ਤੋਂ ਪਹਿਲੇ ਵੀ ਮਾਰੇ ਜਾ ਚੁੱਕੇ ਸਨ। ਹਰ ਇਕ ਸਚਾਈ ਜੇਕਰ ਨਿਰਪੱਖ ਹੋਕੇ ਬਿਆਨ ਕੀਤੀ ਜਾਏ ਤਾਂ ਉਹਦਾ ਅਸਰ ਬਹੁਤ ਹੁੰਦਾ ਹੈ। ਔਰਤਾਂ ਉਤੇ ਹੋਏ ਪੁਲਸੀ ਜੱਬਰ ਬਾਰੇ 'ਨਾਰੀ ਮੰਚ' ਦੀ ਰੀਪੋਰਟ ਵੀ ਜੋ ਇਕ ਵਧੀਆ ਰੀਪੋਰਟ ਹੈ, ਇਸੇ ਦੋਸ਼ ਦੀ ਭਾਗੀ ਹੈ ਕਿ ਧਾਰਮਕ ਜਨੂੰਨੀਆਂ ਵਲੋਂ ਔਰਤਾਂ ਉਤੇ ਕੀਤੇ ਗਏ ਜ਼ੁਲਮ ਦਾ ਜ਼ਿਕਰ ਨਹੀਂ ਕਰਦੀ। ਇਹ ਜ਼ਿਕਰ ਦੇ ਤੌਰ ਤੇ ਜ਼ਰੂਰ ਆਉਣਾ ਚਾਹੀਦਾ ਹੈ।

### o ਚਾਰਲੀ ਚੈਪਲਿਨ :

ਫ਼ਿਲਮ ਕਲਾ ਵਿਚ ਤਨਜ਼ ਦਾ ਬਾਦਸ਼ਾਹ ਗਿਣਿਆ ਜਾ ਸਕਦਾ ਹੈ। ਉਹਦਾ 100ਵਾਂ ਜਨਮ ਦਿਨ 16 ਅਪ੍ਰੈਲ 1989 ਨੂੰ ਆਇਆ ਹੈ। ਚਾਰਲੀ ਚੈਪਲਿਨ ਨੇ ਆਪਣੀ ਹਰ ਕਿਰਤ ਵਿਚ ਨਿੰਮਨ ਲੋਕਾਂ ਦਾ ਪੱਖ ਪੂਰਿਆ ਹੈ, ਅਤੇ ਵਡਿਆਂ ਦੇ ਪਾਖੰਡ ਨੂੰ ਨੰਗਿਆ ਕੀਤਾ ਹੈ। ਉਹ ਇਸ ਵਡੀ ਸੁਚਾਈ ਤੇ ਪੁੱਜ ਚੁੱਕਾ ਸੀ ਕਿ ਸਮਾਜ ਵਿਚ ਕਾਨੂੰਨ ਹਮੇਸ਼ਾ ਵਡਿਆਂ ਦੇ ਪੱਖ ਵਿਚ ਭੁਗਤਦਾ ਹੈ ਅਤੇ ਪੁਲਿਸ ਵਡਿਆਂ ਦੀ ਰਾਖੀ ਲਈ ਹੀ ਇਕ ਬੁੱਲੀ ਕੁੱਤੇ ਦੀ ਭੂਮਿਕਾ ਨਿਭਾਉਂਦੀ ਹੈ। ਉਸਦੀਆਂ ਨਿੱਕੀਆਂ ਨਿੱਕੀਆਂ 'ਚੁੱਪ ਫ਼ਿਲਮਾ' ਵਿਚ ਅਕਸਰ ਇਕ ਛੋਟਾ ਬੰਦਾ ਅਗੇ ਅਗੇ ਹੁੰਦਾ ਹੈ ਅਤੇ ਪਿਛੇ ਉਹਦੇ ਬੁੱਲੀ ਕੁੱਤੇ (ਪੁਲਸ ਵਾਲੇ) ਲਗੇ ਹੁੰਦੇ ਹਨ। ਉਹ ਇਹਨਾਂ ਤੋਂ ਬਚਦਾ ਹੈ, ਝਕਾਵੀਆਂ ਦੇਂਦਾ ਹੈ ਅਤੇ ਉਹਦੀ ਹਰ ਫ਼ਿਲਮ ਇੱਛਤ ਯਥਾਰਥ ਤੇ ਖਤਮ ਹੁੰਦੀ ਹੈ, ਜਦੋਂ ਉਹ ਉਮੀਦ ਕਰਦਾ ਹੈ ਕਿ ਨਿਮਨ ਵਰਗ ਨੂੰ ਇਨਸਾਫ ਮਿਲੇਗਾ। ਆਪਣੀ ਫ਼ਿਲਮ 'ਗਰੇਟ ਡਿਕਟੇਟਰ' ਵਿਚ ਉਹਨੇ ਹਿਟਲਰ ਦਾ ਕਿਰਦਾਰ ਲੈਕੇ ਫਾਸ਼ੀ ਫਲਸਫ਼ੇ ਦੀਆਂ ਧੱਜੀਆਂ ਉਡਾਈਆਂ। ਇਸ ਫਲਸਫ਼ੇ ਦਾ ਆਧਾਰ ਹੈ—ਹਮ ਸਭ ਸੇ ਊਂਚੇ ਹੈਂ ਔਰ ਦੂਸਰੋਂ ਕੋ ਦਬਾਣਾ ਹਮਾਰਾ ਹੱਕ ਹੈ—ਉਸ ਫ਼ਿਲਮ ਵਿਚ ਹਿਟਲਰ ਦਾ ਮੌਜੂ ਬਣਾਉਂਦੇ ਹੋਏ, ਸਾਧਾਰਨ ਮਨੁੱਖ ਦੀ ਜਿਤ ਵਿਖਾਈ। **ਉਹ ਬਹੁਤ ਹੀ ਮਹਾਨ ਕਲਾਕਾਰ ਸੀ।**

ਅੱਜ ਜਦੋਂ ਨੁੱਕਰ ਨਾਟਕ ਨਾਟਕਕਲਾ ਦਾ ਇਕ ਸ਼ਕਤੀਸ਼ਾਲੀ ਰੂਪ ਹੋਕੇ ਉੱਭਰ ਰਿਹਾ ਹੈ, ਚਾਰਲੀ ਚੈਪਲਿਨ ਦੀ ਪਹੁੰਚ ਅਤੇ ਸ਼ੈਲੀ ਅਪਣਾ ਕੇ ਉਹਨੂੰ ਹੋਰ ਵੀ ਸ਼ਕਤੀਸ਼ਾਲੀ ਬਣਾਇਆ ਜਾ ਸਕਦਾ ਹੈ।

### o ਕਾਫਲਾ ਤੁਰ ਰਿਹਾ ਹੈ :

ਪੰਜਾਬ ਦੇ ਅਸੁਖਾਵੇ ਹਾਲਾਤ ਦੇ ਬਾਵਜੂਦ ਲੋਕਾਂ ਦਾ ਸੰਘਰਸ਼-ਸ਼ੀਲ ਕਾਫ਼ਲਾ ਅਗੇ ਤੁਰ ਰਿਹਾ ਹੈ। ਬਹੁਤ ਸਾਰੇ ਮੱਸਲਿਆਂ ਬਾਰੇ ਖੱਬੀ ਧਿਰ ਵਿਚ ਆਪਸੀ ਸਹਿਮਤੀ ਨਹੀਂ, ਪਰ ਲਾਲ ਝੰਡੇ ਥੱਲੇ ਹੋਈ ਹਰ ਰੈਲੀ ਅਤੇ ਇਕੱਠ ਸਾਡੇ ਲਈ ਉਤਸ਼ਾਹਜਨਕ ਹੈ ਤੇ ਸਾਨੂੰ ਆਪਣੇ ਰਾਹ ਤੇ ਦ੍ਰਿੜ੍ਹਤਾ ਨਾਲ ਚੱਲਣ ਦੀ ਪ੍ਰੇਰਨਾ ਦੇਂਦਾ ਹੈ।

— 26 ਫਰਵਰੀ, ਬਠਿੰਡਾ ਵਿਖੇ ਸੀ. ਪੀ. ਆਈ ਦੀ ਸੂਬਾਈ ਕਾਨਫਰੰਸ ਵੇਲੇ ਬਹੁਤ ਵੱਡਾ ਮੁਜ਼ਾਹਰਾ ਤੇ ਪਬਲਿਕ ਰੈਲੀ ਕੀਤੀ ਗਈ। ਆਪਣੇ ਆਪ ਵਿਚ ਇਹ ਇਕ ਮਿਸਾਲੀ ਇਕੱਠ ਸੀ।

— 28 ਫਰਵਰੀ—ਚੰਡੀਗੜ੍ਹ ਨੇ ਲਾਲ ਝੰਡੇ ਦੀ ਅਗਵਾਈ ਥੱਲੇ ਹੜ੍ਹ-ਪੀੜਤਾਂ ਦਾ ਇਕ ਰੋਹ ਭਰਿਆ ਵਿਖਾਵਾ ਵੇਖਿਆ ਜਿਸਨੂੰ ਪੰਜਾਬ ਕਿਸਾਨ ਯੂਨੀਅਨ, ਕਿਸਾਨ ਸੰਘਰਸ਼ ਕਮੇਟੀ ਰੋਪੜ ਅਤੇ ਪੰਜਾਬ ਦਿਹਾਤੀ ਮਜ਼ਦੂਰ ਯੂਨੀਅਨ ਨੇ ਜਥੇਬੰਦ ਕੀਤਾ।

— 8 ਮਾਰਚ—ਦਿੱਲੀ ਵਿਖੇ ਸੀ. ਪੀ. ਆਈ (ਐਮ. ਐਲ. ਪੂਲਾ ਰੈਡੀ) ਵਲੋਂ ਇਕ ਬਹੁਤ ਹੀ ਪ੍ਰਭਾਵਸ਼ੈਲੀ ਰੈਲੀ ਕੀਤੀ ਗਈ। ਇਸ ਵਿਚ ਪੰਜਾਬ ਦੇ ਕੇਡਰ ਦੀ ਬੜੀ ਭਾਰੀ ਗਿਣਤੀ ਵਿਚ ਸ਼ਮੂਲੀਅਤ ਸੀ।

— 8 ਮਾਰਚ—ਔਰਤਾਂ ਦੇ ਦਿਨ ਨੂੰ ਮਨਾਉਣ ਵੇਲੇ ਖੱਬੀ ਧਿਰ ਦੀਆਂ ਔਰਤਾਂ ਨੇ ਮੋਹਰੀ ਭੂਮਿਕਾ ਨਿਭਾਈ ਸੰਗਰੂਰ ਵਿਚ ਔਰਤਾਂ ਦਾ ਇਕ ਭਾਰੀ ਇਕੱਠ ਹੋਇਆ। 'ਜਨਤਕ ਲੀਹ' ਨੇ ਵਿਸ਼ੇਸ਼ ਅੰਕ ਵਿਚ ਔਰਤ ਦਿਵਸ ਲਈ ਨਾਹਰਿਆਂ ਦੀ ਇਕਸੂਚੀ ਪ੍ਰਕਾਸ਼ਤ ਕੀਤੀ ਜੋ ਆਉਣ ਵਾਲੇ ਸਮੇਂ ਵਿਚ ਔਰਤਾਂ ਦੇ ਸੰਘਰਸ਼ ਨੂੰ ਦਿਸ਼ਾ ਪ੍ਰਦਾਨ ਕਰਨਗੇ। (ਬਾਕੀ ਸਫਾ 19 ਤੇ)

# ਭਾਰਤ ਵਿਚ ਜਮਹੂਰੀ ਹੱਕਾਂ ਦੀ ਲਹਿਰ ਦੀ ਸਥਿਤੀ ਅਤੇ ਸਮੱਸਿਆਵਾਂ/ਸੁੱਚਾ ਸਿੰਘ ਗਿੱਲ

(ਇਹ ਪਰਚਾ ਸਾਥੀ ਗਿਆਨ ਚੰਦ ਪਹਿਲੇ ਯਾਦਗਾਰੀ ਲੈਕਚਰ ਦੇ ਤੌਰ ਤੇ ਬਠਿੰਡਾ ਵਿਖੇ 27 ਜਨਵਰੀ 1989 ਨੂੰ ਪੜ੍ਹਿਆ ਗਿਆ।)

ਭਾਰਤ ਸਰਕਾਰ ਨੇ ਮਨੁੱਖੀ ਅਧਿਕਾਰਾਂ ਦੇ ਐਲਾਨ ਨਾਮਿਆਂ ਤੇ 1979 ਵਿਚ ਦਸਖਤ ਕੀਤੇ ਯੂ.ਐਨ.ਓ. ਦੇ ਇਨ੍ਹਾਂ ਐਲਾਨਨਾਮਿਆਂ ਤਹਿਤ ਮਨੁੱਖੀ ਅਧਿਕਾਰਾਂ ਦੀ ਗਰੰਟੀ ਦੇਣ ਲਈ ਭਾਰਤ ਸਰਕਾਰ ਕੌਮਾਂਤਰੀ ਪੱਧਰ ਤੇ ਵਚਨਬੱਧ ਹੈ। ਇਸ ਗੱਲ ਦੇ ਬਾਵਜੂਦ ਸਰਕਾਰ ਨਾ ਕੇਵਲ ਇਹੋ ਅਧਿਕਾਰ ਲੋਕਾਂ ਨੂੰ ਦੇਣ ਤੋਂ ਇਨਕਾਰੀ ਹੋ ਰਹੀ ਹੈ, ਬਲਕਿ ਪਹਿਲਾਂ ਤੋਂ ਪ੍ਰਾਪਤ ਅਧਿਕਾਰਾਂ ਨੂੰ ਲੋਕਾਂ ਤੋਂ ਖੋਹਿਆ ਜਾ ਰਿਹਾ ਹੈ। ਦੱਖਣੀ ਅਫਰੀਕਾ ਅਤੇ ਫਲਸਤੀਨੀ ਲੋਕਾਂ ਦੇ ਇਨ੍ਹਾਂ ਅਧਿਕਾਰਾਂ ਤੋਂ ਵਾਂਜਿਆ ਰੱਖਣ ਤੇ ਇਹ ਸਰਕਾਰ ਕੌਮਾਂਤਰੀ ਪੱਧਰ ਤੇ ਆਵਾਜ਼ ਬੁਲੰਦ ਕਰਨ ਵਿਚ ਮੋਹਰੀਆਂ ਵਿਚੋਂ ਇਕ ਹੈ। ਪਰ ਆਪਣੇ ਦੇਸ਼ ਵਿਚ ਇਸ ਦੀ ਕਾਰਗੁਜ਼ਾਰੀ ਇਸ ਦੇ ਬਿਲਕੁਲ ਉਲਟ ਚਲ ਰਹੀ ਹੈ। ਇਹ ਉਸੇ ਅਮਲ ਦਾ ਹਿੱਸਾ ਹੈ ਜਿਸ ਵਿਚ ਇਨਸਾਫ ਦੇ ਨਾਮ ਤੇ ਲੋਕਾਂ ਨਾਲ ਬੇਇਨਸਾਫੀ ਕੀਤੀ ਜਾਂਦੀ ਹੈ ਅਤੇ ਸਮਾਜਵਾਦ ਲਿਆਉਣ ਦੇ ਨਾਮ ਉਤੇ ਸਰਮਾਏਦਾਰੀ ਢਾਂਚੇ ਦਾ ਵਿਕਾਸ ਕੀਤਾ ਜਾ ਰਿਹਾ ਹੈ। ਕਹਿਣੀ ਅਤੇ ਕਰਨੀ ਵਿਚ ਵੱਧ ਰਿਹਾ ਪਾੜਾ ਦੇਸ਼ ਦੀ ਸਿਆਸੀ ਜ਼ਿੰਦਗੀ ਵਿਚ ਆਏ ਇਖਲਾਕੀ ਨਿਘਾਰ ਦੀ ਨਿਸ਼ਾਨੀ ਹੈ। ਚੇਤਨ ਲੋਕ ਹੀ ਇਸ ਦਾ ਪਰਦਾਫਾਸ਼ ਕਰ ਸਕਦੇ ਹਨ ਅਤੇ ਸਿਹਤਮੰਦ ਜਮਹੂਰੀ ਲਹਿਰ ਦੀ ਇਸ ਨਿਘਾਰ ਦਾ ਸਿਹਤਮੰਦ ਬਦਲ ਪੇਸ਼ ਕਰ ਸਕਦੀ ਹੈ। ਜਮਹੂਰੀ ਹੱਕਾਂ ਦੀ ਲਹਿਰ ਦੇਸ਼ ਵਿਚ ਸਿਹਤਮੰਦ ਸਿਆਸੀ ਲਹਿਰ ਦਾ ਹੀ ਇਕ ਹਿੱਸਾ ਹੈ। ਇਸ ਲਹਿਰ ਦੀ ਸਥਿਤੀ ਅਤੇ ਦਰਪੇਸ਼ ਸਮੱਸਿਆਵਾਂ ਨੂੰ ਸਮਝਣ ਦੇ ਯਤਨ ਵਜੋਂ ਇਹ ਪਰਚਾ ਲਿਖਿਆ ਗਿਆ ਹੈ।

ਅੱਜ ਜਿਸ ਦੌਰ ਵਿਚੋਂ ਅਸੀਂ ਲੰਘ ਰਹੇ ਹਾਂ ਜਮਹੂਰੀ ਹੱਕਾਂ ਦੀ ਗੱਲ ਕਰਨ ਦਾ ਆਪਣਾ ਹੀ ਮਹੱਤਵ ਹੈ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਇਨ੍ਹਾਂ ਹੱਕਾਂ ਉਪਰ ਗੰਭੀਰ ਵਾਰ ਹੋ ਰਹੇ ਹਨ। ਪਿਛਲੇ ਸਮੇਂ ਵਿਚ ਲੋਕ ਸੰਘਰਸ਼ ਦੌਰਾਨ ਪ੍ਰਾਪਤ ਅਧਿਕਾਰ ਖੋਹੇ ਜਾ ਰਹੇ ਹਨ। ਜਿਥੇ ਇਨ੍ਹਾਂ ਨੂੰ ਖੋਹਣ ਦੇ ਗੰਭੀਰ ਯਤਨ ਹੋ ਰਹੇ ਹਨ ਉਥੇ ਇਨ੍ਹਾਂ ਨੂੰ ਬਰਕਰਾਰ ਰਖਦੇ ਹੋਏ ਹੋਰ ਐਸੇ ਅਧਿਕਾਰ ਪ੍ਰਾਪਤ ਕਰਨ ਵਾਸਤੇ ਵੀ ਉਪਰਾਲੇ ਹੋ ਰਹੇ ਹਨ। ਜਮਹੂਰੀ ਅਧਿਕਾਰਾਂ ਨੂੰ ਕਾਇਮ ਰਖਣਾ ਅਤੇ ਇਨ੍ਹਾਂ ਵਿਚ ਵਾਧਾ ਕਰਨਾ ਜਮਹੂਰੀ ਲਹਿਰ ਦੀ ਚੇਤਨਾ, ਜਥੇਬੰਦਕ ਸਮਰਥਾ ਅਤੇ ਲਾਮਬੰਦੀ ਉਪਰ ਨਿਰਭਰ ਕਰਦਾ ਹੈ। ਇਕ ਪਾਸੇ ਜਮਹੂਰੀ ਲਹਿਰ ਦੀ ਸ਼ਕਤੀ ਜਮਹੂਰੀ ਅਧਿਕਾਰਾ ਨੂੰ ਅਗੇ ਤੋਰਨ ਲਈ ਯਤਨਸ਼ੀਲ ਹੈ, ਦੂਜੇ ਪਾਸੇ ਸਥਾਪਤੀ ਸ਼ਕਤੀਆਂ ਇਨ੍ਹਾਂ ਉਪਰ ਰੋਕ ਲਾਉਣ ਅਤੇ ਲਗਦੀ ਵਾਹੇ ਇਨ੍ਹਾਂ ਨੂੰ ਖੋਹਣ ਲਈ ਸਰਗਰਮ ਹਨ।

ਜਮਹੂਰੀ ਅਧਿਕਾਰਾਂ ਦੀ ਪ੍ਰਾਪਤੀ ਜਨ-ਸਮੂਹ ਲਈ ਕਲਿਆਣਕਾਰੀ ਹੁੰਦੀ ਹੈ ਅਤੇ ਉਨ੍ਹਾਂ ਦਾ ਸਮਾਜ ਵਿਚ ਦਾਅਵਾ ਵਧਾਉਂਦੀ ਹੈ। ਇਸ ਨਾਲ ਜਨ ਸਮੂਹ ਨੂੰ ਸਮਾਜ ਵਿਚ ਇੱਜ਼ਤ ਨਾਲ ਜਿਉਣ ਦਾ ਰਸਤਾ ਖੁਲ੍ਹਦਾ ਹੈ। ਇਨ੍ਹਾਂ ਅਧਿਕਾਰਾਂ ਦੀ ਮੌਜੂਦਗੀ ਮਿਹਨਤਕਸ਼ ਲੋਕਾਂ ਨੂੰ ਜਮਹੂਰੀ ਲਹਿਰ ਜਥੇਬੰਦ ਕਰਨ ਲਈ ਕਾਫੀ ਸਹਾਈ ਹੁੰਦੀ ਹੈ। ਲੋਕਾਂ ਦੀ ਜਥੇਬੰਦ ਲਹਿਰ ਹੀ ਉਨ੍ਹਾਂ ਦੇ ਅਜੇ ਤਕ ਨਾ-ਪ੍ਰਵਾਨਤ ਹੱਕਾਂ ਨੂੰ ਮਨਵਾ ਕੇ ਜਮਹੂਰੀ ਹੱਕਾਂ ਨੂੰ ਵਧਾ ਸਕਦੀ ਹੈ। ਪ੍ਰਾਪਤ ਜਮਹੂਰੀ ਹੱਕਾਂ ਦੀ ਰਾਖੀ ਅਤੇ ਨਾ-ਪ੍ਰਾਪਤ ਹੱਕਾਂ ਦੀ ਪ੍ਰਾਪਤੀ ਨਿਗਰ ਜਮਹੂਰੀ ਲਹਿਰ ਤੇ ਨਿਰਭਰ ਕਰਦੀ ਹੈ। ਜਮਹੂਰੀ ਲਹਿਰ ਦੀ ਮਜ਼ਬੂਤੀ ਮਿਹਨਤਕਸ਼ ਲੋਕਾਂ ਦੀ ਵੱਖ ਵੱਖ ਵਰਗਾਂ ਦੇ ਜਥੇਬੰਦ ਹੋਣ ਅਤੇ ਲਾਮਬੰਦੀ ਤੇ ਨਿਰਭਰ ਕਰਦੀ ਹੈ। ਮਿਹਨਤਕਸ਼ ਲੋਕਾਂ ਨੂੰ ਆਪਣੇ ਜਮਾਤੀ ਹਿਤਾਂ ਅਤੇ ਲੋਕਾਈ ਦੀ ਮੁਕਤੀ ਵਾਸਤੇ ਜਥੇਬੰਦ ਕਰਨਾ ਇਕ ਇਨਕਲਾਬੀ ਅਮਲ ਹੈ। ਜਮਹੂਰੀ ਹੱਕਾਂ ਦੀ ਪ੍ਰਾਪਤੀ ਇਸ ਅਮਲ ਦਾ ਹੀ ਹਿੱਸਾ ਹੈ।

ਅਜੋਕੀ ਸਥਿਤੀ ਵਿਚ ਜਦੋਂ ਸਮਾਜਿਕ, ਆਰਥਿਕ ਅਤੇ ਸਿਆਸੀ ਸੰਕਟ ਕਾਫੀ ਡੂੰਘਾ ਚਲ ਰਿਹਾ ਜਮਹੂਰੀ ਹੱਕਾਂ ਦੀ ਗੱਲ ਕਰਨਾ ਇਕ ਗੰਭੀਰ ਵਿਸ਼ਾ ਬਣ ਗਿਆ ਹੈ। ਹਾਲਾਤਾਂ ਦੀ ਪੇਚੀਦਗੀ ਕਾਰਨ ਸਮਝ ਦੇ ਪੱਧਰ ਤੇ ਕਾਫੀ ਘਚੋਲਾ ਪਿਆ ਹੋਇਆ ਹੈ ਅਤੇ ਇਨ੍ਹਾਂ ਬਾਰੇ ਲਹਿਰ ਉਸਾਰਨ ਵਿਚ ਇਕ ਅੜਚਨ ਬਣੀ ਹੋਈ ਹੈ। ਜਮਹੂਰੀ ਹੱਕਾਂ ਦੀ ਲਹਿਰ ਨੂੰ ਅਗੇ ਤੋਰਨ ਵਾਸਤੇ ਇਸ ਦਾ ਲੇਖਾ ਜੋਖਾ ਬੇਹੱਦ ਜ਼ਰੂਰੀ ਹੈ।

## ਪਿਛੋਕੜ

ਬਰਤਾਨਵੀ ਸਾਮਰਾਜ ਦੇ ਖਿਲਾਫ ਸੰਘਰਸ਼ ਦੌਰਾਨ ਦੇਸ਼ ਦੇ ਵੱਖ ਵੱਖ ਵਰਗਾਂ ਅਤੇ ਖਾਸ ਕਰਕੇ ਮਿਹਨਤਕਸ਼

ਲੋਕਾਂ ਦੇ ਆਪਣੇ ਪਾਏ ਹਿੱਸੇ ਕਾਰਨ ਕੁਝ ਜਮਹੂਰੀ ਅਧਿਕਾਰ ਪ੍ਰਾਪਤ ਹੋਏ। ਇਸ ਸੰਘਰਸ਼ ਦੀ ਵਾਗਡੋਰ ਦੇਸ਼ ਦੀ ਸਰਮਾਏਦਾਰ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਗਵਾਈ ਹੇਠ ਹੀ ਰਹੀ। ਇਸ ਕਾਰਨ 1947 ਵਿਚ ਅੰਗਰੇਜ਼ਾਂ ਦੇ ਭਾਰਤ ਵਿਚੋਂ ਚਲੇ ਜਾਣ ਤੇ ਦੇਸ਼ ਦੀ ਹਕੂਮਤ ਕਾਂਗਰਸ ਪਾਰਟੀ ਰਾਹੀਂ ਦੇਸ਼ ਦੀ ਵੱਡੇ ਸਰਮਾਏਦਾਰਾਂ ਦੀ ਸਰਦਾਰੀ ਤਹਿਤ ਲੋਟੂ ਜਮਾਤਾਂ ਦੇ ਹੱਥ ਆ ਗਈ। 1950 ਵਿਚ ਲਾਗੂ ਕੀਤਾ ਸੰਵਿਧਾਨ ਉਸ ਸਮੇਂ ਲੋਟੂ ਜਮਾਤਾਂ ਦੀ ਆਪਸੀ ਸਾਂਝਗਾਂਠ ਅਤੇ ਦੂਜੇ ਪਾਸੇ ਮਿਹਨਤਕਸ਼ ਜਨਤਾ ਦੀ ਲਾਮਬੰਦੀ ਦੀ ਤਾਕਤ ਦੇ ਸੁਮਤੋਲ ਦਾ ਨਤੀਜਾ ਸੀ। ਤਾਜਾ ਹਾਸਲ ਕੀਤੀ ਸੱਤਾ ਦੀਆਂ ਜੜ੍ਹਾਂ ਮਜ਼ਬੂਤ ਕਰਨਾ ਹਾਕਮ ਜਮਾਤਾਂ ਲਈ ਬੁਨਿਆਦੀ ਸੁਆਲ ਸੀ। ਇਸ ਕਰਕੇ ਉਹ ਮਿਹਨਤਕਸ਼ ਲੋਕਾਂ ਨੂੰ ਕੁਝ ਦੇਰ ਨਾਲ ਲੈ ਕੇ ਚਲਣ ਦਾ ਪ੍ਰਭਾਵ ਦੇਣਾ ਚਾਹੁੰਦੇ ਸਨ। ਅਸਲ ਮਕਸਦ ਸਰਮਾਏਦਾਰ ਰਸਤੇ ਤੇ ਚਲਦਿਆਂ ਹਾਕਮ ਜਮਾਤਾਂ ਦੀ ਪਕੜ ਨੂੰ ਮਜ਼ਬੂਤ ਕਰਨਾ ਸੀ। ਇਸ ਪ੍ਰਕ੍ਰਿਆ ਵਿਚ ਭਾਰਤ ਦੇ ਲੋਕਾਂ ਨੂੰ ਕੁਝ ਜਮਹੂਰੀ ਅਧਿਕਾਰ ਪ੍ਰਾਪਤ ਹੋਏ। ਇਹ ਅਧਿਕਾਰ ਤਿੰਨ ਕਿਸਮ ਦੇ ਹਨ :

1. ਇਹ ਉਹ ਖਾਸ ਅਧਿਕਾਰ ਹਨ ਜਿਹੜੇ ਸਰਮਾਏਦਾਰੀ ਜਾਇਦਾਦ ਦੇ ਰਿਸ਼ਤਿਆਂ ਨੂੰ ਲਾਗੂ ਕਰਦੇ ਹਨ, ਜਿਵੇਂ ਨਿਜੀ ਜਾਇਦਾਦ ਦੀ ਮਾਲਕੀ ਦਾ ਅਧਿਕਾਰ, ਭਾੜੇ ਤੇ ਮਜ਼ਦੂਰ ਲਗਾਉਣਾ ਅਤੇ ਮੁਨਾਫਾ ਕਮਾਉਣ ਅਤੇ ਨਿਜੀ ਮੁਨਾਫੇ ਖਾਤਰ ਜਾਇਦਾਦ ਇਕੱਠੀ ਕਰਨ ਦਾ ਅਧਿਕਾਰ ਆਦਿ। ਸਰਮਾਏਦਾਰ ਸਟੇਟ ਦਾ ਮੁਖ ਕੰਮ ਇਨ੍ਹਾਂ ਅਧਿਕਾਰਾਂ ਦੀ ਰਾਖੀ ਕਰਨਾ ਹੁੰਦਾ ਹੈ।

2. ਦੂਜੇ ਕਿਸਮ ਦੇ ਉਹ ਅਧਿਕਾਰ ਹਨ ਜਿਹੜੇ ਸਰਮਾਏਦਾਰ ਜਮਾਤ ਦੇ ਸੱਤਾ ਹਾਸਲ ਕਰਨ ਸਮੇਂ ਸੰਘਰਸ਼ ਦੌਰਾਨ ਪੈਦਾ ਹੋਏ। ਇਨ੍ਹਾਂ ਵਿਚ ਸ਼ਹਿਰੀ ਅਜ਼ਾਦੀਆਂ ਆਉਂਦੀਆਂ ਹਨ। ਇਸ ਵਿਚ ਮੁਖ ਤੌਰ ਤੇ ਬੋਲਣ, ਲਿਖਣ ਦੀ ਆਜ਼ਾਦੀ, ਪਬਲਿਕ ਮੀਟਿੰਗਾਂ, ਜਲਸੇ ਜਲੂਸ ਕੱਢਣ ਦੀ ਆਜ਼ਾਦੀ, ਜਥੇਬੰਦੀਆਂ ਬੁਲਾਉਣ ਦੀ ਆਜ਼ਦੀ, ਸੈਕੂਲਰ ਸਿਖਿਆ ਦੀ ਆਜ਼ਾਦੀ ਅਤੇ ਕਾਨੂੰਨੀ ਉਜ਼ਰਦਾਰੀ ਦੀ ਆਜ਼ਾਦੀ ਆਦਿ ਆਉਂਦੇ ਹਨ।

3. ਤੀਜੇ ਕਿਸਮ ਦੇ ਅਧਿਕਾਰ ਮਿਹਨਤਕਸ਼ ਲੋਕਾਂ ਦੇ ਹਨ। ਇਨ੍ਹਾਂ ਵਿਚ ਯੂਨੀਅਨਾਂ ਬਣਾਉਣ ਦਾ ਅਧਿਕਾਰ, ਹੜਤਾਲ ਕਰਨ ਅਤੇ ਮਿਹਨਤਕਸ਼ ਲੋਕਾਂ ਨੂੰ ਜਥੇਬੰਦ ਕਰਨ ਅਤੇ ਸੰਘਰਸ਼ ਕਰਨ ਦੇ ਅਧਿਕਾਰ ਸ਼ਾਮਲ ਹਨ।

ਇਨ੍ਹਾਂ ਵਿਚੋਂ ਪਹਿਲੇ ਕਿਸਮ ਦੇ ਅਧਿਕਾਰਾਂ ਦੀ ਰਾਖੀ ਸਰਮਾਏਦਾਰ ਸਟੇਟ ਕਰਦੀ ਹੈ। ਤੀਜੇ ਕਿਸਮ ਦੇ ਅਧਿਕਾਰ ਮੁਖ ਤੌਰ ਤੇ ਮਿਹਨਤਕਸ਼ ਤਬਕਿਆਂ ਨਾਲ ਸਬੰਧਤ ਹੋਣ ਕਾਰਨ ਆਮ ਤੌਰ ਤੇ ਸਰਕਾਰ ਵਲੋਂ ਰੋਕਾਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਦੀ ਹੋਂਦ ਟਰੇਡ ਯੂਨੀਅਨ ਲਹਿਰ ਦੀ ਲਾਮਬੰਦ ਸ਼ਕਤੀ ਅਤੇ ਖੱਬੀਆਂ ਪਾਰਟੀਆਂ ਦੇ ਸਿਆਸੀ ਪ੍ਰਭਾਵ ਨਾਲ ਜੁੜੀ ਹੋਈ ਹੈ। ਇਨ੍ਹਾਂ ਅਧਿਕਾਰਾਂ ਦੀ ਮਜ਼ਬੂਤੀ ਦੂਸਰੇ ਕਿਸਮ ਦੇ ਅਧਿਕਾਰਾਂ ਨਾਲ ਵੀ ਇਕ ਹੱਦ ਤਕ ਜੁੜੀ ਹੋਈ ਹੈ। ਸ਼ਹਿਰੀ ਆਜ਼ਾਦੀਆਂ ਨਾਲ ਜੁੜੇ ਅਧਿਕਾਰ ਮੱਧ-ਵਰਗ ਅਤੇ ਬੁਧੀਜੀਵੀਆਂ ਦੀਆ ਗਤੀ ਵਿਧੀਆਂ ਨੂੰ ਪ੍ਰਭਾਵਤ ਕਰਦੇ ਹਨ। ਇਨ੍ਹਾਂ ਅਧਿਕਾਰਾਂ ਦੀ ਮੌਜੂਦਗੀ ਜਿਥੇ ਮਿਹਨਤਕਸ਼ ਲੋਕਾਂ ਦੇ ਅਧਿਕਾਰਾਂ ਵਾਸਤੇ ਸਹਾਈ ਹੁੰਦੇ ਹਨ ਉਥੇ ਮਿਹਨਤਕਸ਼ ਲੋਕਾਂ ਦੀ ਜਮਹੂਰੀ ਲਹਿਰ ਸ਼ਹਿਰੀ ਆਜ਼ਾਦੀਆਂ ਦੀ ਰਾਖੀ ਵਾਸਤੇ ਗਰੰਟੀ ਪ੍ਰਦਾਨ ਕਰ ਸਕਦੀ ਹੈ। ਸ਼ਹਿਰੀ ਆਜ਼ਾਦੀਆਂ ਦੀ ਹੋਂਦ ਕਾਰਨ ਸੰਕਟ ਸਮੇਂ ਮੱਧ-ਵਰਗੀ ਤਬਕੇ ਦਾ ਇਕ ਹਿੱਸਾ ਖੁਲ੍ਹੇ ਆਮ ਮਿਹਨਤਕਸ਼ ਲੋਕਾਂ ਦੀ ਹਮਾਇਤ ਵਿਚ ਖੜਨ ਦੀ ਸਮਰਥਾ ਰਖਦਾ ਹੈ। ਇਸ ਨਾਲ ਜਮਹੂਰੀ ਲਹਿਰ ਦਾ ਅਗੇ ਪਸਾਰਾ ਕਰਨ ਦਾ ਰਾਹ ਸੌਖਾ ਹੋ ਜਾਂਦਾ ਹੈ।

26 ਜਨਵਰੀ 1950 ਨੂੰ ਲਾਗੂ ਹੋਏ ਭਾਰਤ ਦੇ ਸੰਵਿਧਾਨ ਵਿਚ ਕੁਝ ਜਮਹੂਰੀ ਅਧਿਕਾਰ ਲੋਕਾ ਨੂੰ ਮਿਲੇ, ਪਰ ਨਾਲ ਹੀ ਇਨ੍ਹਾਂ ਅਧਿਕਾਰਾਂ ਉਪਰ ਕਟੌਤੀ ਲਾਉਣ ਦੀ ਤਾਕਤ ਵੀ ਸਰਕਾਰ ਨੇ ਹਾਸਲ ਕਰ ਲਈ। ਇਸ ਤਾਕਤ ਨੂੰ ਵਰਤ ਕੇ ਸਰਕਾਰ ਨੇ ਸਮੇਂ ਸਮੇਂ ਕਈ ਕਾਨੂੰਨ ਬਣਾਏ ਜਿਸ ਨਾਲ ਸ਼ਹਿਰੀ ਆਜ਼ਾਦੀਆਂ ਤੇ ਕਟੌਤੀ ਅਤੇ ਮਿਹਨਤਕਸ਼ ਲੋਕਾਂ ਦੀ ਲਾਮਬੰਦੀ ਤੇ ਰੋਕਾਂ ਲਗਦੀਆਂ ਰਹੀਆਂ। ਇਨ੍ਹਾਂ ਵਿਚ ਇਤਹਾਦੀ ਨਜ਼ਰਬੰਦੀ ਦਾ ਕਾਨੂੰਨ, ਦਫ਼ਾ 144 ਦਾ ਲਾਗੂ ਕਰਨਾ ਅਤੇ ਅੰਦਰੂਨੀ ਐਮਰਜੈਂਸੀ ਵਿਵਸਥਾ ਇਸ ਵਿਚ ਆਉਂਦੇ ਹਨ। ਇਸ ਤੋਂ ਬਿਨਾਂ ਸਰਕਾਰੀ ਮਸ਼ੀਨਰੀ ਦੁਆਰਾ ਕਾਨੂੰਨਾਂ ਦੀ ਉਲੰਘਣਾ ਕਰਕੇ ਲੋਕਾਂ ਉਪਰ ਤਸ਼ੱਦਦ ਕਰਨਾ, ਝੂਠੇ ਪੁਲੀਸ ਮੁਕਾਬਲੇ ਬਣਾਉਣਾ, ਗੈਰ-ਕਾਨੂੰਨੀ ਤੌਰ ਤੇ ਜੇਲ੍ਹਾਂ ਵਿਚ ਡਕਣਾ ਇਕ ਆਮ ਗੱਲ ਬਣ ਗਈ ਹੈ।

ਸਰਕਾਰੀ ਮਸ਼ੀਨਰੀ ਦੁਆਰਾਂ ਐਸੀਆਂ ਜਥੇ-ਬੰਦੀਆਂ ਨੂੰ ਵੀ ਜਥੇਬੰਦ ਕਰਨੇ ਵਿਚ ਉਤਸ਼ਾਹਿਤ ਕੀਤਾ

ਜਾਂਦਾ ਹੈ ਜਿਹੜੀਆਂ ਮਿਹਨਤਕਸ਼ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਵਿਚ ਸਰਗਰਮ ਹਨ। ਇਨ੍ਹਾਂ ਵਿਚ ਡਕੈਤਾਂ, ਜ਼ਿਮੀਂਦਾਰਾਂ ਦੇ ਲਠੈਤਾਂ, ਜਾਤੀਵਾਦੀ ਅਤੇ ਫਿਰਕੂ ਜਥੇਬੰਦੀਆਂ ਸ਼ਾਮਲ ਹਨ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਇਹ ਜਥੇਬੰਦੀਆਂ ਅਲੱਗ ਅਲੱਗ ਰੂਪ ਵਿਚ ਕੰਮ ਕਰ ਰਹੀਆਂ ਹਨ।

ਸ਼ੁਰੂ ਤੋਂ ਹੀ ਜਮਹੂਰੀ ਅਧਿਕਾਰਾਂ ਉਪਰ ਵੱਖ ਵੱਖ ਤਰੀਕਿਆਂ ਨਾਲ ਵਾਰ ਚਲਦੇ ਰਹੇ ਹਨ, ਪਰ ਸਭ ਤੋਂ ਵੱਡਾ ਹਮਲਾ 1975 ਵਿਚ ਦੇਸ਼ ਵਿਆਪੀ ਅੰਦਰੂਨੀ ਐਮਰਜੈਂਸੀ ਲਾਗੂ ਹੋਣ ਨਾਲ ਹੋਇਆ। ਇਸ ਦੌਰਾਨ ਨਾ ਕੇਵਲ ਸਾਰੇ ਜਮਹੂਰੀ ਹੱਕ ਅਤੇ ਸ਼ਹਿਰੀ ਆਜ਼ਾਦੀਆਂ ਮਨਸੂਖ ਕਰ ਦਿਤੇ ਗਏ, ਸਗੋਂ ਜੀਉਣ ਦਾ ਬੁਨਿਆਦੀ ਮਨੁੱਖੀ ਹੱਕ ਵੀ ਖੋਹ ਲਿਆ ਗਿਆ। ਐਮਰਜੈਂਸੀ ਦੌਰਾਨ ਚਲੇ ਦਮਨ ਚੱਕਰ ਤੋਂ ਜਮਹੂਰੀਅਤ ਪਸੰਦ ਤਾਕਤਾਂ ਨੂੰ ਇਹ ਮਹਿਸੂਸ ਹੋਇਆ ਕਿ ਜੇਕਰ ਜਮਹੂਰੀ ਹੱਕਾਂ ਉਪਰ ਹੋ ਰਹੇ ਵਾਰਾਂ ਬਾਰੇ ਪਹਿਲਾਂ ਤੋਂ ਸੁਚੇਤ ਹੋ ਕੇ ਜਮਹੂਰੀਅਤ ਵਿਰੋਧੀ ਕਾਰਵਾਈਆਂ ਦਾ ਵੇਲੇ ਸਿਰ ਪਰਦਾਫਾਸ਼ ਕੀਤਾ ਜਾਂਦਾ ਤਾਂ ਜਮਹੂਰੀ ਅਧਿਕਾਰਾਂ ਉਪਰ ਬੇਝਿਜਕ ਹਮਲਾ ਏਨਾ ਸੌਖਾ ਨਾ ਹੁੰਦਾ। ਕੌੜੇ ਤਜਰਬੇ ਤੋਂ ਸਬਕ ਸਿਖਦੇ ਹੋਏ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਜਮਹੂਰੀ ਅਧਿਕਾਰਾਂ ਦੀ ਰਾਖੀ ਵਾਸਤੇ ਕਈ ਜਥੇਬੰਦੀਆਂ ਕਾਇਮ ਹੋਈਆਂ। ਕੁਝ ਜਥੇਬੰਦੀਆਂ ਸਿਰਫ ਸ਼ਹਿਰੀ ਆਜ਼ਾਦੀਆਂ ਦੀ ਰਾਖੀ ਵਾਸਤੇ ਅਤੇ ਕੁਝ ਜਮਹੂਰੀ ਅਧਿਕਾਰਾਂ ਦੀ ਰਾਖੀ ਅਤੇ ਪਸਾਰੇ ਵਾਸਤੇ ਕਾਇਮ ਹੋਈਆਂ। ਜਮਹੂਰੀ ਅਧਿਕਾਰ ਸਭਾ, ਪੰਜਾਬ ਵੀ ਇਸੇ ਅਮਲ ਵਿਚੋਂ ਹੀ 1979 ਵਿਚ ਹੋਂਦ ਵਿਚ ਆਈ। ਜਮਹੂਰੀ ਅਧਿਕਾਰਾਂ ਦੇ ਪਸਾਰੇ ਵਾਸਤੇ ਕੰਮ ਕਰ ਰਹੀਆਂ ਜਥੇਬੰਦੀਆਂ ਨੇ ਸਰਬ ਭਾਰਤ ਜਥੇਬੰਦੀ ਆਲ ਇੰਡੀਆ ਫੈਡਰੇਸ਼ਨ ਆਫ ਆਰਗੇਨਾਈਜ਼ੇਸ਼ਨ ਫਾਰ ਡੈਮੋਕਰੇਟਿਕ ਰਾਇਟਸ ਕਾਇਮ ਕਰ ਲਈ। ਇਸ ਸਮੇਂ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਉੜੀਸਾ, ਪੱਛਮੀ ਬੰਗਾਲ ਐਸੀਆਂ ਜਥੇਬੰਦੀਆਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਦਾ ਨਿਰੋਲ ਮੰਤਵ ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਹੱਕਾਂ ਦੀ ਪੈਰਵੀ ਅਤੇ ਪਸਾਰਾ ਕਰਨਾ ਉਲੀਕਿਆ ਗਿਆ ਹੈ। ਇਹ ਜਥੇਬੰਦੀਆਂ ਇਸ ਸਮਝ ਨਾਲ ਬਣੀਆਂ ਹਨ ਕਿ ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਹੱਕਾਂ ਦੀ ਰਾਖੀ ਅਤੇ ਪਸਾਰੇ ਵਾਸਤੇ ਵੱਖਰੀਆਂ ਜਥੇਬੰਦੀਆਂ ਦੀ ਜ਼ਰੂਰਤ ਹੈ। ਇਹ ਸਮਝ ਇਸ ਅਮਲ ਵਿਚੋਂ ਨਿਕਲੀ ਹੈ ਕਿ ਜਮਹੂਰੀ ਲਹਿਰ ਦੇ ਵਿਸ਼ਾਲ ਹਿਸੇ ਮੂਲ ਰੂਪ ਵਿਚ ਆਪੋ ਆਪਣੀਆਂ ਮੰਗਾਂ ਵਿਚ ਹੀ ਰੁਝੇ ਰਹੇ ਹਨ ਅਤੇ ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਹੱਕਾਂ ਦਾ ਮਸਲਾ ਨਜ਼ਰ ਅੰਦਾਜ਼ ਹੁੰਦਾ ਰਿਹਾ ਹੈ। ਸਿਵਲ ਲਿਬਰਟੀਜ਼ ਅਤੇ ਡੈਮੋਕਰੇਟਿਕ ਰਾਇਟਸ ਜਥੇਬੰਦੀਆਂ ਨਿਰੋਲ ਇਨ੍ਹਾਂ ਹੱਕਾਂ ਵਾਸਤੇ ਕੰਮ ਦੇ ਸੰਕਲਪ ਪ੍ਰਤੀ ਦ੍ਰਿੜ ਹਨ ਅਤੇ ਟਰੇਡ ਯੂਨੀਅਨ ਲਹਿਰ ਵਿਚ ਆਪਣੇ ਤੌਰ ਤੇ ਪੈਣ ਤੋਂ ਇਨਕਾਰੀ ਹਨ। ਇਹ ਜਥੇਬੰਦੀਆਂ ਜਮਹੂਰੀ ਲਹਿਰ ਦੇ ਸਹਾਇਕ ਵਜੋਂ ਕੰਮ ਕਰਨਾ ਚਾਹੁੰਦੀਆਂ ਹਨ ਅਤੇ ਜਮਹੂਰੀ ਲਹਿਰ ਉਸਾਰਨ ਦੇ ਕੇਂਦਰ ਦਾ ਕੰਮ ਜਮਹੂਰੀ ਅਤੇ ਇਨਕਲਾਬੀ ਲਹਿਰ ਦੀਆਂ ਜਥੇਬੰਦੀਆਂ ਉਪਰ ਛੱਡ ਦਿੱਤਾ ਗਿਆ ਹੈ।

### ਸੁਭਾਅ

ਆਪਣੇ ਮਿਥੇ ਮੂਲ ਮੰਤਵ ਤੋਂ ਇਨ੍ਹਾਂ ਜਥੇਬੰਦੀਆਂ ਦਾ ਕਾਰਜ ਖੇਤਰ ਨਿਕਲਦਾ ਹੈ। ਇਸ ਵਿਚ ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਹੱਕਾਂ ਤੇ ਹੋ ਰਹੇ ਹਮਲਿਆਂ ਨੂੰ ਸਮਝਣਾ, ਨੰਗਾ ਕਰਨਾ ਅਤੇ ਇਸ ਦੇ ਵਿਰੋਧ ਵਿਚ ਜਾਗਰਤੀ ਪੈਦਾ ਕਰਨਾ। ਜਮਹੂਰੀਅਤ ਵਿਰੋਧੀ ਵਾਰ ਨੂੰ ਰੋਕਣ ਵਾਸਤੇ ਚੇਤਨਾ ਪੈਦਾ ਕਰਨਾ ਅਤੇ ਇਸ ਸਬੰਧ ਵਿਚ ਹੋ ਰਹੀ ਲਾਮਬੰਦੀ ਵਿਚ ਮਦਦ ਕਰਨਾ ਅਤੇ ਲਗਦੀ ਵਾਹ ਜਮਹੂਰੀ ਅਧਿਕਾਰਾਂ ਦੇ ਪਸਾਰੇ ਵਾਸਤੇ ਕੰਮ ਕਰਨਾ। ਰਿਪੋਰਟਾਂ ਲਿਖਣਾ, ਛਾਪਣਾ ਅਤੇ ਸੈਮੀਨਾਰ ਕਰਾਉਣਾ ਆਦਿ ਕੰਮ ਨਿਕਲਦੇ ਹਨ। ਚੇਤਨਾ ਵਧਾਉਣ ਦੇ ਪ੍ਰੋਗਰਾਮ ਵਿਚੋਂ ਹੀ ਜਮਹੂਰੀ ਹੱਕਾਂ ਵਾਸਤੇ ਧਰਨੇ ਲਾਉਣਾ ਅਤੇ ਮੁਜ਼ਾਹਰਿਆਂ ਵਿਚ ਸ਼ਾਮਲ ਹੋਣਾ ਆਉਂਦਾ ਹੈ। ਪਿਛਲੇ ਸਮੇਂ ਦੇ ਅਮਲ ਤੋਂ ਪਹਿਲੇ ਕਿਸਮ ਦੇ ਕੰਮ ਹੀ ਜ਼ਿਆਦਾ ਉਘੜਵੇਂ ਰੂਪ ਵਿਚ ਸਾਹਮਣੇ ਆਏ ਹਨ।

ਇਹ ਕੰਮ ਸਿਰੇ ਚਾੜ੍ਹਨ ਵਾਸਤੇ ਪੜ੍ਹੇ ਲਿਖੇ ਸੂਝਵਾਨ ਲੋਕ ਹੀ ਸਹਾਈ ਹੋ ਸਕਦੇ ਹਨ। ਇਸ ਕਰਕੇ ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਵਿਚ ਪੜ੍ਹੇ ਲਿਖੇ ਮੱਧ-ਵਰਗੀ ਲੋਕ ਹੀ ਜ਼ਿਆਦਾ ਸ਼ਾਮਲ ਹੋਏ ਹਨ। ਇਨ੍ਹਾਂ ਵਿਚ ਅਧਿਆਪਕ, ਡਾਕਟਰ, ਵਕੀਲ ਅਤੇ ਦੂਜੇ ਮੱਧ-ਵਰਗੀ ਕਰਮਚਾਰੀ ਆਉਂਦੇ ਹਨ। ਮਿਹਨਤਕਸ਼ ਜਨਤਾ ਦੇ ਵਿਸ਼ਾਲ ਘੇਰੇ ਦੇ ਲੋਕ—

ਖੇਤ ਮਜ਼ਦੂਰ, ਕਿਸਾਨ, ਸਨਅਤੀ ਕਾਮੇ, ਦਸਤਕਾਰ ਆਦਿ, ਇਨ੍ਹਾਂ ਜਥੇਬੰਦੀਆਂ ਵਿਚ ਸ਼ਾਮਲ ਨਹੀਂ ਹੋਏ। ਜਿਥੇ ਸ਼ੁਰੂ ਵਿਚ ਉਲੀਕੇ ਮੰਤਵਾਂ ਨੇ ਮੱਧ-ਵਰਗੀ ਪੜ੍ਹੇ-ਲਿਖੇ ਲੋਕਾਂ ਦੀ ਸ਼ਮੂਲੀਅਤ ਤੇ ਜ਼ੋਰ ਦਿੱਤਾ ਉਥੇ ਇਨ੍ਹਾਂ ਦੀ ਸ਼ਮੂਲੀਅਤ ਨੇ ਇਨ੍ਹਾਂ ਜਥੇਬੰਦੀਆਂ ਦੇ ਕਾਰਜ ਦੀ ਸੀਮਾ ਵੀ ਨਿਰਧਾਰਤ ਕੀਤੀ ਹੈ। ਇਹ ਲੋਕ ਜਮਹੂਰੀ ਹੱਕਾਂ ਉਪਰ ਹੋ ਰਹੇ ਹਮਲੇ ਨੂੰ ਨੰਗਾ ਕਰਨ ਵਾਸਤੇ ਰਿਪੋਰਟਾਂ ਲਿਖਣ ਛਾਪਣ, ਸੈਮੀਨਾਰ ਕਰਾਂਉਣ ਆਦਿ ਚੇਤਨਾ ਫੈਲਾਉਣ ਦਾ ਕੰਮ ਆਸਾਨੀ ਨਾਲ ਕਰ ਸਕਦੇ ਹਨ। ਮਜ਼ਦੂਰ, ਕਿਸਾਨ, ਦਸਤਕਾਰ ਅਤੇ ਹੋਰ ਮਿਹਨਤਕਸ਼ ਲੋਕਾਂ ਨੂੰ ਜਥੇਬੰਦ ਕਰਨ ਅਤੇ ਲਾਮਬੰਦੀ ਦਾ ਕੰਮ ਕਰਨ ਵਾਸਤੇ ਮੱਧ-ਵਰਗੀ ਪੜ੍ਹੇ ਲਿਖੇ ਬੁਧੀਮਾਨ ਜਮਾਤੀ ਤੌਰ ਤੇ ਕਾਬਲ ਨਹੀਂ ਹਨ। ਜਮਾਤੀ ਨੁਕਤਾ ਨਿਗਾਹ ਤੋਂ ਇਹ ਜਥੇਬੰਦੀਆਂ ਨਿਕ ਬੁਰਜੂਆ ਸੁਭਾਅ ਦੀਆਂ ਹਨ। ਇਸ ਜਮਾਤ ਦੇ ਸਿਰਫ ਉਹ ਲੋਕ ਇਨ੍ਹਾਂ ਜਥੇਬੰਦੀਆਂ ਵਿਚ ਸ਼ਾਮਲ ਹੋਏ ਹਨ ਜਿਹੜੇ ਵਧੇਰੇ ਚੇਤੰਨ ਹਨ। ਪਛੜਿਆ ਸਰਮਾਏਦਾਰ ਮੁਲਕ ਹੋਣ ਕਰਕੇ ਭਾਰਤ ਲਿਬਰਲ ਸਮਾਜ ਨਹੀਂ ਹੈ। ਇਸ ਕਰਕੇ ਪੜ੍ਹੇ-ਲਿਖੇ ਮੱਧ-ਵਰਗ ਵਿਚ ਵੀ ਚੇਤੰਨ ਲੋਕਾਂ ਦੀ ਗਿਣਤੀ ਬਹੁਤੀ ਜ਼ਿਆਦਾ ਨਹੀਂ। ਇਸ ਵਰਗ ਦੇ ਉਹ ਲੋਕ ਜ਼ਿਆਦਾ ਚੇਤੰਨ ਹੋਏ ਹਨ ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਜਮਹੂਰੀ ਲਹਿਰ ਨਾਲ ਜੁੜ ਗਏ। ਉਨ੍ਹਾਂ ਵਿਚੋਂ ਜ਼ਿਆਦਾ ਹਿੱਸਾ ਖੱਬੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਵਿਚ ਕੰਮ ਕਰਦੇ ਲੋਕਾਂ ਵਿਚੋਂ ਬਹੁਤਿਆਂ ਦਾ ਸਬੰਧ ਖੱਬੀ ਸਿਆਸਤ ਨਾਲ ਜੁੜਿਆ ਹੋਇਆ ਹੈ। ਕਿਉਂ ਕਿ ਇਨ੍ਹਾਂ ਜਥੇਬੰਦੀਆਂ ਦੀ ਪੈਦਾਇਸ਼ ਅਤੇ ਵਿਕਾਸ ਪਾਰਟੀਆਂ ਦੇ ਘੇਰੇ ਤੋਂ ਬਾਹਰਵਾਰ ਹੋਇਆ। ਇਸ ਕਰਕੇ ਸਥਾਪਿਤ ਪਾਰਟੀਆਂ ਅਤੇ ਖਾਸ ਕਰਕੇ ਖੱਬੀਆਂ ਪਾਰਟੀਆਂ ਦੇ ਘੇਰੇ ਵਿਚ ਲੋਕ ਇਨ੍ਹਾਂ ਜਥੇਬੰਦੀਆਂ ਨਾਲ ਜ਼ਿਆਦਾ ਜੁੜ ਨਹੀਂ ਸਕੇ।

## ਪੱਧਰ

ਜਮਹੂਰੀ ਹੱਕਾਂ ਦੀ ਲਹਿਰ ਦੇ ਆਗੂਆਂ ਦੀ ਲਗਨ, ਸਿਦਕ ਅਣਥਕ ਮਿਹਨਤ ਅਤੇ ਕਾਬਲੀਅਤ ਦੇ ਬਾਵਜੂਦ ਇਹ ਲਹਿਰ ਆਪਣਾ ਘੇਰਾ ਬਹੁਤਾ ਵਧਾ ਨਹੀਂ ਸਕੀ। ਇਸ ਦਾ ਪਸਾਰਾ ਪੜ੍ਹੇ ਲਿਖੇ ਮੱਧ-ਵਰਗੀ ਜਮਾਤ ਦੇ ਸੀਮਤ ਲੋਕਾਂ ਤਕ ਹੀ ਰਿਹਾ ਹੈ। ਜਥੇਬੰਦਕ ਪੱਧਰ ਤੇ ਇਸ ਦਾ ਪਸਾਰਾ ਸਰਗਰਮ ਮੈਂਬਰਾਂ ਦੀਆਂ ਕਮੇਟੀਆਂ ਤੋਂ ਅਗੇ ਨਹੀਂ ਵੱਧ ਸਕਿਆ। ਇਸ ਲਹਿਰ ਦੇ ਪਸਾਰੇ ਵਿਚ ਲਗਨ ਰੱਖਣ ਵਾਲੇ ਸਾਰਿਆਂ ਨੂੰ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਜਮਹੂਰੀ ਹੱਕਾਂ ਦੀ ਅਜੋਕੇ ਸਮੇਂ ਵਿਚ ਵੱਧ ਰਹੀ ਮਹੱਤਤਾ ਅਤੇ ਇਨ੍ਹਾਂ ਤੇ ਹੋ ਰਹੇ ਤਿਖੇ ਹਮਲੇ ਮੰਗ ਕਰਦੇ ਹਨ ਕਿ ਇਸ ਲਹਿਰ ਦੇ ਘੇਰੇ ਨੂੰ ਵਧੇਰੇ ਫੈਲਾਇਆ ਜਾਵੇ। ਮੌਜੂਦਾ ਤੰਗ ਘੇਰੇ ਵਿਚ ਫਸੇ ਹੋਣ ਦੇ ਕਾਰਨ ਲਭਣੇ ਪੈਣਗੇ ਤਾਂ ਕਿ ਇਨ੍ਹਾਂ ਨੂੰ ਦੂਰ ਕੀਤਾ ਜਾ ਸਕੇ। ਇਸ ਦਾ ਪਹਿਲਾ ਕਾਰਨ ਤਾਂ ਨਿਕ ਬੁਰਜੂਆ ਜਮਾਤ ਦੇ ਖਾਸੇ ਵਿਚੋਂ ਹੀ ਨਿਕਲਦਾ ਹੈ। ਇਸ ਜਮਾਤ ਦੇ ਲੋਕਾਂ ਦਾ ਖਾਸਾ ਥਿੜਕਵਾਂ ਹੁੰਦਾ ਹੈ ਅਤੇ ਸਿਦਕ ਦੀ ਘਾਟ ਹੋਣ ਕਰਕੇ ਜਿਥੇ ਝਟਵੇਂ ਨਤੀਜੇ ਨਜ਼ਰ ਨਾ ਆਉਂਦੇ ਹੋਣ ਉਥੇ ਇਹ ਲੋਕ ਕੰਮ ਕਰਨ ਤੋਂ ਕਤਰਾਉਂਦੇ ਹਨ। ਨਿਜ ਸੁਆਰਥੀ ਅਤੇ ਹੰਕਾਰੀ ਹੋਣ ਕਾਰਨ ਸਾਂਝੇ ਕੰਮ ਤੋਂ ਕੰਨੀ ਕਤਰਾਉਂਦੇ ਹਨ। ਐਸੇ ਲੋਕ ਜਥੇਬੰਦੀ ਨੂੰ ਮਜ਼ਬੂਤ ਕਰਨ ਦੀ ਬਜਾਏ ਉਸ ਦੇ ਵਿਕਾਸ ਵਿਚ ਰੋਕ ਬਣਦੇ ਹਨ। ਬੇਸ਼ਕ ਜਮਹੂਰੀ ਅਧਿਕਾਰਾਂ ਦੀਆਂ ਜਥੇ-ਬੰਦੀਆਂ ਵਿਚ ਕੰਮ ਕਰਦੇ ਲੋਕ ਕਾਫੀ ਚੇਤੰਨ ਹਨ, ਫਿਰ ਵੀ ਇਸ ਜਮਾਤੀ ਊਣਤਾਈ ਤੋਂ ਮੁਕਤ ਨਹੀਂ ਹਨ। ਜਮਹੂਰੀ ਅਧਿਕਾਰਾਂ ਦਾ ਗੰਭੀਰ ਅਤੇ ਵੱਡਾ ਮਸਲਾ ਇਨ੍ਹਾਂ ਇਕੱਲਿਆਂ ਦੇ ਵੱਸ ਦਾ ਰੋਗ ਵੀ ਨਹੀਂ। ਇਨ੍ਹਾਂ ਦੀ ਵੱਧ ਸਰਗਰਮੀ ਵਾਸਤੇ ਬਾਹਰਮੁਖੀ ਤੌਰ ਤੇ ਜਮਹੂਰੀ ਲਹਿਰ ਦਾ ਵਿਕਾਸ ਬੇਹੱਦ ਜ਼ਰੂਰੀ ਹੈ।

ਜਮਹੂਰੀ ਹੱਕਾਂ ਦੀ ਲਹਿਰ ਦੇ ਤੰਗ ਘੇਰੇ ਦਾ ਦੂਜਾ ਕਾਰਨ ਇਸ ਪ੍ਰਤੀ ਸਥਾਪਤ ਖੱਬੀਆਂ ਅਤੇ ਜਮਹੂਰੀ ਪਾਰਟੀਆਂ ਦੀ ਪਹੁੰਚ ਇਕ ਅਹਿਮ ਮੁੱਦਾ ਹੈ। ਇਨ੍ਹਾਂ ਪਾਰਟੀਆਂ ਦੇ ਤਾਣੇ ਪੇਟੇ ਦਾ ਮੁਕਾਬਲਤਨ ਵਿਸ਼ਾਲ ਹੈ। ਇਹ ਮੱਧ-ਵਰਗੀ ਪੜ੍ਹੇ ਲਿਖੇ ਵਰਗ ਤੋਂ ਅਗੇ ਮਜ਼ਦੂਰ ਅਤੇ ਕਿਸਾਨਾਂ ਵਿਚ ਸਰਗਰਮ ਹਨ। ਮੱਧ-ਵਰਗੀ ਮੁਲਾਜ਼ਮਾਂ ਦਾ ਵੱਡਾ ਹਿੱਸਾ ਇਨ੍ਹਾਂ ਦੇ ਪ੍ਰਭਾਵ ਹੇਠ ਹੈ। ਪਰ ਇਨ੍ਹਾਂ ਪਾਰਟੀਆਂ ਵਲੋਂ ਮਜ਼ਦੂਰ, ਕਿਸਾਨ ਅਤੇ ਮੁਲਾਜ਼ਮ ਲਹਿਰ ਨੂੰ ਜਥੇਬੰਦ ਕਰਦੇ ਸਮੇਂ ਜਮਹੂਰੀ ਹੱਕਾਂ ਦੀ ਲਹਿਰ ਵਾਸਤੇ ਇਨ੍ਹਾਂ ਜਮਾਤਾਂ ਵਿਚ ਲੋੜੀਂਦੀ ਚੇਤਨਤਾ ਪੈਦਾ ਨਹੀਂ ਕੀਤੀ ਜਾ ਸਕੀ। ਨਤੀਜੇ ਵਜੋਂ ਜਮਹੂਰੀ ਲਹਿਰ ਦਾ ਵੱਡਾ ਹਿੱਸਾ ਆਰਥਿਕ ਮੰਗਾਂ ਤੋਂ

ਅਗੇ ਵਧਣ ਦੇ ਸਮਰਥ ਨਹੀਂ ਹੋਇਆ। ਜਦੋਂ ਜਮਹੂਰੀ ਹੱਕਾਂ ਉਪਰ ਵੱਡਾ ਵਾਰ ਹੁੰਦਾ ਹੈ,ਤਾਂ ਉਹ ਉਸ ਦਾ ਪ੍ਰਭਾਵਸ਼ਾਲੀ ਵਿਰੋਧ ਲਹਿਰ ਜਥੇਬੰਦ ਕਰਕੇ ਨਹੀਂ ਕਰ ਸਕਦੇ, ਜਿਵੇਂ ਐਮਰਜੈਂਸੀ ਦੌਰਾਨ, ਨਵੰਬਰ 1984 ਦੇ ਦੰਗਿਆਂ ਦੌਰਾਨ ਅਤੇ ਪੰਜਾਬ ਦੇ ਬਹਾਨੇ ਬਣਾਏ ਗਏ ਤਮਾਮ ਕਾਲੇ ਕਾਨੂੰਨਾਂ ਨੂੰ ਪਾਸ ਕਰਕੇ ਲਾਗੂ ਕਰਨ ਸਮੇਂ ਹੋਇਆ। ਸੰਵਿਧਾਨ ਦੀ 59ਵੀਂ ਸੋਧ ਵਰਗੀ ਖਤਰਨਾਕ ਮਦ ਪਾਸ ਕਰਨ ਸਮੇਂ ਕੋਈ ਅਸਰਦਾਰ ਵਿਰੋਧ ਇਨ੍ਹਾਂ ਪਾਰਟੀਆਂ ਵਲੋਂ ਪਾਰਲੀਮੈਂਟ ਤੋਂ ਬਾਹਰ ਲਾਮਬੰਦ ਨਹੀਂ ਕੀਤਾ ਜਾ ਸਕਿਆ। ਇਸ ਕਮੀ ਦੇ ਬਾਵਜੂਦ ਵਿਸ਼ਾਲ ਜਮਹੂਰੀ ਲਹਿਰ ਦੇ ਆਗੂਆਂ ਦਾ ਜਮਹੂਰੀ ਹੱਕਾਂ ਦੀਆਂ ਜਥਬੰਦੀਆਂ ਪ੍ਰਤੀ ਰਵਈਆ ਕਾਫੀ ਹਾਂ ਪੱਖੀ ਨਹੀਂ ਹੈ। ਉਹ ਇਨ੍ਹਾਂ ਜਥੇਬੰਦੀਆਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਹਨ ਅਤੇ ਕਈ ਵਾਰੀ ਆਪਣੇ ਕਾਡਰ ਨੂੰ ਇਨ੍ਹਾਂ ਜਥੇਬੰਦੀਆਂ ਵਿਚ ਸ਼ਾਮਲ ਹੋਣ ਤੋਂ ਰੋਕਦੇ ਹਨ। ਮਾਨਸਿਕ ਵਿਰੋਧ ਕਈ ਵਾਰੀ ਅਮਲੀ ਵਿਰੋਧ ਵਿਚ ਵੀ ਬਦਲ ਜਾਂਦਾ ਹੈ। ਇਨ੍ਹਾਂ ਜਥੇਬੰਦੀਆਂ ਦਾ ਵਿਕਾਸ ਸਥਾਪਤ ਖੱਬੀਆਂ ਪਾਰਟੀਆਂ ਦੇ ਘੇਰੇ ਤੋਂ ਬਾਹਰ ਹੋਇਆ ਹੋਣ ਕਰਕੇ ਇਨ੍ਹਾਂ ਜਥੇਬੰਦੀਆਂ ਦੇ ਘੱਟ ਸੰਜੀਦਾ ਕਾਰਕੁਨ ਆਪਣੇ ਪੱਖਪਾਤੀ ਰਵਈਏ ਕਾਰਨ ਇਨ੍ਹਾਂ ਦਾ ਪੂਰਾ ਸਮਰਥਨ ਹਾਸਲ ਨਹੀਂ ਕਰ ਪਾਉਂਦੇ। ਇਸ ਅਮਲ ਦਾ ਸਿੱਟਾ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਖੱਬੀਆਂ ਪਾਰਟੀਆਂ ਦੇ ਪ੍ਰਭਾਵ ਹੇਠ ਜਮਹੂਰੀ ਲਹਿਰ ਵਿਚ ਕੋਈ ਤਾਲਮੇਲ ਨਾ ਬਣਨ ਕਾਰਨ ਜਮਹੂਰੀ ਹੱਕਾਂ ਦੀ ਲਹਿਰ ਦਾ ਘੇਰਾ ਤੰਗ ਰਹਿ ਜਾਂਦਾ ਹੈ। ਜਮਹੂਰੀ ਲਹਿਰ ਅਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਵਿਚ ਤਾਲਮੇਲ ਦੀ ਘਾਟ ਦੋਹਾਂ ਦੇ ਪਸਾਰੇ ਵਿਚ ਰੋਕ ਹੀ ਹੈ। ਇਸ ਦਾ ਹੱਲ ਸਥਾਪਤ ਜਮਹੂਰੀ ਅਤੇ ਖੱਬੀਆਂ ਪਾਰਟੀਆਂ ਵਲੋਂ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਵਿਚ ਸ਼ਮੂਲੀਅਤ ਨਾਲ ਹੀ ਹੋ ਸਕਦਾ ਹੈ।

ਕੁਝ ਖੱਬੀਆਂ ਧਿਰਾਂ ਦਾ ਰਵਈਆ ਨਾ ਪੱਖੀ ਅਤੇ ਸ਼ੱਕੀ ਹੈ ਦੂਜੇ ਪਾਸੇ ਕੁਝ ਧਿਰਾਂ ਇਨ੍ਹਾਂ ਜਥੇਬੰਦੀਆਂ ਨੂੰ ਖੱਸੀ ਅਤੇ ਨਕਾਰਾ ਸਮਝਦੀਆਂ ਹਨ। ਉਹ ਜਮਹੂਰੀ ਲਹਿਰ ਨੂੰ ਇਨਕਲਾਬੀ ਵਿਚਾਰਧਾਰਾ ਨਾਲ ਲੈਸ ਕਰਕੇ ਇਨਕਲਾਬੀ ਅਮਲ ਰਾਹੀਂ ਜਮਹੂਰੀ ਹੱਕਾਂ ਦੇ ਮਸਲੇ ਦੇ ਹੱਲ ਵਿਚ ਯਕੀਨ ਰੱਖਣ ਕਾਰਨ ਇਨ੍ਹਾਂ ਜਥੇਬੰਦੀਆਂ ਦੀ ਜ਼ਰੂਰਤ ਨੂੰ ਅਹਿਮੀਅਤ ਹੀ ਨਹੀਂ ਦਿੰਦੇ। ਉਹ ਇਹ ਮਹਿਸੂਸ ਨਹੀਂ ਕਰਦੇ ਕਿ ਜਦ ਦੇਸ਼ ਵਿਚ ਸੱਤਾਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਜ਼ੋਰ ਫੜ ਰਹੀਆਂ ਹਨ। ਜਮਹੂਰੀ ਅਧਿਕਾਰਾਂ ਵਾਸਤੇ ਕੰਮ ਕਰਨਾ ਵੀ ਕਾਫੀ ਅਹਿਮ ਹੈ ਅਤੇ ਕਈ ਵਾਰੀ ਇਨਕਲਾਬੀ ਕੰਮ ਜਿਨ੍ਹਾਂ ਹੀ ਔਖਾ ਅਤੇ ਪੇਚੀਦਾ ਹੈ। ਇਹ ਕਮਜ਼ੋਰੀਆਂ ਮੁਖ ਰੂਪ ਵਿਚ ਖੱਬੀ ਲਹਿਰ ਦੀਆਂ ਕਮਜ਼ੋਰੀਆਂ ਹਨ। ਇਸ ਲਹਿਰ ਦਾ ਕਈ ਪਾਰਟੀਆਂ ਅਤੇ ਗਰੁਪਾਂ ਵਿਚ ਵੰਡਿਆ ਹੋਣਾ ਤੰਗ ਨਜ਼ਰੀ ਪ੍ਰਵਿਰਤੀ ਨੂੰ ਪੈਦਾ ਕਰਦਾ ਹੈ ਅਤੇ ਬਹੁਤ ਸਾਰੀਆਂ ਜਨਤਕ ਜਥੇਬੰਦੀਆਂ ਵਿਚ ਫੁਟ ਪੈ ਜਾਂਦੀ ਹੈ ਅਤੇ ਫੁਟ ਨਾਲ ਟੁੱਟੇ ਹਿੱਸੇ ਇਕ ਦੂਜੇ ਨੂੰ ਆਪਣਾ ਦੁਸ਼ਮਣ ਸਮਝਣ ਲੱਗ ਪੈਂਦੇ ਹਨ।

ਭਾਰਤ ਦਾ ਸਰਮਾਏਦਾਰੀ ਦੌਰ ਵਿਚ ਦਾਖਲਾ ਕਾਫੀ ਲੇਟ ਹੋਇਆ ਹੈ। ਇਸ ਪੜਾਅ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਸਰਮਾਏਦਾਰੀ ਆਪਣੇ ਨਵੇਂ ਦੌਰ ਇਜਾਰੇਦਾਰੀ ਵਿਚ ਦਾਖਲ ਹੋ ਚੁੱਕੀ ਸੀ। ਇਸ ਕਰਕੇ ਸਰਮਾਏਦਾਰੀ ਨੇ ਬੁਰਜੂਆ ਜਮਹੂਰੀਕਰਣ ਵੀ ਪੂਰੀ ਤਰ੍ਹਾਂ ਸਮਾਜ ਵਿਚ ਨਹੀਂ ਲਿਆਂਦਾ। ਸਗੋਂ ਇਸ ਨੇ ਆਪਣੇ ਨਾਲ ਸੱਤਾਵਾਦੀ ਪ੍ਰਵਿਰਤੀ ਨੂੰ ਅਮਲ ਵਿਚ ਨਾਲ ਲਿਆਂਦਾ ਹੈ। ਇਹੋ ਕਾਰਨ ਹੈ ਕਿ ਸਮਾਜ ਦੀਆਂ ਬਹੁਤੀਆਂ ਪਰਤਾਂ ਵਿਚ ਜਮਹੂਰੀਅਤ ਦੀਆਂ ਜੜ੍ਹਾਂ ਕਾਫੀ ਕਮਜ਼ੋਰ ਹਨ। ਸਮਾਜ ਦੇ ਵੱਖ ਵੱਖ ਖੇਤਰਾਂ ਵਿਚ ਜਮਹੂਰੀਕਰਣ ਦੀ ਘਾਟ ਅਣਹੋਂਦ ਕਰਕੇ ਪ੍ਰਤਿਬੱਧ ਜਮਹੂਰੀ ਬੰਦਿਆਂ ਦੀ ਕਾਫੀ ਘਾਟ ਹੈ। ਅੰਦਰੂਨੀ ਕਾਰਨਾਂ ਤੋਂ ਬਿਨਾਂ ਸਮਾਜ ਵਿਚ ਘੱਟ ਜਮਹੂਰੀਕਰਣ ਜਮਹੂਰੀ ਹੱਕਾਂ ਦੀ ਲਹਿਰ ਦੇ ਤੰਗ ਘੇਰੇ ਦਾ ਬਾਹਰਮੁਖੀ ਕਾਰਨ ਹੈ।

ਜਮਹੂਰੀ ਲਹਿਰ ਦਾ ਬਾਹਰੀ ਤੰਗ ਘੇਰਾ, ਇਸ ਵਿਚ ਅੰਦਰੂਨੀ ਫੁਟ ਅਤੇ ਕਮਜ਼ੋਰੀਆਂ ਕਾਰਨ ਜਮਹੂਰੀ ਹੱਕਾਂ ਦੀ ਲਹਿਰ ਦੀ ਲਾਮਬੰਦੀ ਅਜੇ ਮੁੱਢਲੇ ਪੜਾਅ ਤੇ ਹੀ ਖੜੀ ਹੈ। ਇਸ ਦਾ ਘੇਰਾ ਚੇਤਨ ਬੁਧੀਮਾਨ ਲੋਕਾਂ ਤੋਂ ਅਗੇ ਨਹੀਂ ਤੁਰਿਆ ਅਤੇ ਇਸ ਦੀ ਹੋਂਦ ਕਮੇਟੀਆਂ ਦੀ ਜਥੇਬੰਦੀ ਤੋਂ ਅਗੇ ਨਹੀਂ ਤੁਰ ਸਕੀ। ਜਮਹੂਰੀ ਹੱਕਾਂ ਦੀ ਵੱਧ ਰਹੀ ਅਹਿਮੀਅਤ ਅਤੇ ਇਨ੍ਹਾਂ ਉਪਰ ਹੋ ਰਹੇ ਵਾਰਾਂ ਦੀ ਗਤੀ ਅਤੇ ਗਹਿਰਾਈ ਵਲ ਵੇਖਿਆ ਜਾਵੇ ਤਾਂ ਜਮਹੂਰੀ ਹੱਕਾਂ ਦੀ ਲਹਿਰ ਆਪਣੇ ਚੈਲਿੰਜ ਕਬੂਲਣ ਦੀ ਹਾਣੀ ਨਹੀਂ ਹੋਈ। ਚੈਲਿੰਜ ਬਹੁਤ ਵੱਡਾ

ਹੈ ਪਰ ਲਹਿਰ ਬਹੁਤ ਕਮਜ਼ੋਰ ਹੈ। ਭਾਰਤ ਦੇ ਕਈ ਰਾਜਾਂ ਵਿਚ ਇਹ ਲਹਿਰ ਮੁਢਲੇ ਰੂਪ ਵਿਚ ਵੀ ਪੈਰ ਨਹੀਂ ਫੜ ਸਕੀ। ਜਿਨ੍ਹਾਂ ਰਾਜਾਂ ਵਿਚ ਜਥੇਬੰਦੀਆਂ ਹੋਂਦ ਵਿਚ ਆਈਆਂ ਹਨ ਉਥੇ ਵੀ ਮੁਢਲੇ ਪੜਾਅ ਤੋਂ ਅੱਗੇ ਇਨ੍ਹਾਂ ਦਾ ਵਿਕਾਸ ਰੁਕ ਗਿਆ ਨਜ਼ਰ ਆਉਂਦਾ ਹੈ। ਇਸ ਖੜੋਤ ਨੂੰ ਤੋੜਨਾ ਜਮਹੂਰੀ ਹੱਕਾਂ ਦੀ ਲਹਿਰ ਦਾ ਅੱਜ ਇਕ ਅਹਿਮ ਮਸਲਾ ਹੈ। ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਦੇ ਕਾਰਕੁਨਾਂ ਅਤੇ ਮੈਂਬਰਾਂ ਨੂੰ ਇਹ ਮਸਲਾ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਅਤੇ ਇਸ ਦੇ ਹੱਲ ਵਾਸਤੇ ਬਦਲ ਲੱਭਣ ਦੀ ਸੰਜੀਦਗੀ ਨਾਲ ਕੋਸ਼ਿਸ਼ ਕਰਨਾ ਸਮੇਂ ਦੀ ਮੰਗ ਹੈ। ਵਖ ਵਖ ਥਾਵਾਂ ਤੇ ਕੰਮ ਕਰਦੇ ਜਮਹੂਰੀ ਅੰਸਰਾਂ ਦੇ ਅਮਲ ਤੇ ਤਜਰਬੇ ਆਪਸ ਵਿਚ ਸਾਂਝੇ ਕਰਨ ਤੋਂ ਇਸ ਬਾਰੇ ਫਾਇਦੇਮੰਦ ਸੰਕੇਤ ਜ਼ਰੂਰ ਮਿਲ ਸਕਦੇ ਹਨ।

ਸਮੱਸਿਆਵਾਂ :

ਜਮਹੂਰੀ ਹੱਕਾਂ ਦੀ ਲਹਿਰ ਨੇ ਆਪਣੇ ਕੰਮ ਦੇ ਸਿਰ ਤੇ ਆਪਣੀ ਹੋਂਦ ਸਥਾਪਤ ਕਰ ਲਈ ਹੈ। ਇਨ੍ਹਾਂ ਜਥੇਬੰਦੀਆਂ ਦੇ ਕੰਮ ਦੀ ਚਰਚਾ ਸਿਆਸੀ ਪੱਧਰ ਤੇ ਹੋਣ ਲੱਗ ਪਈ ਹੈ। ਪਰ ਇਸ ਲਹਿਰ ਨੂੰ ਦਰਪੇਸ਼ ਉਹ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਹੜੀਆਂ ਕਿਸੇ ਲਹਿਰ ਨੂੰ ਆਪਣੇ ਮੁਢਲੇ ਸਮੇਂ ਵਿਚ ਪੇਸ਼ ਆਉਂਦੀਆਂ ਹਨ। ਇਸ ਲਹਿਰ ਦੇ ਤੰਗ ਘੇਰੇ ਦਾ ਜ਼ਿਕਰ ਪਹਿਲਾਂ ਹੀ ਕੀਤਾ ਗਿਆ ਹੈ। ਤੰਗ ਘੇਰੇ ਦੇ ਨਾਲ ਨਾਲ ਇਨ੍ਹਾਂ ਜਥੇਬੰਦੀਆਂ ਵਿਚ ਇਕ ਤਰ੍ਹਾਂ ਦੀ ਖੜੋਤ ਨਜ਼ਰ ਆ ਰਹੀ ਹੈ। ਇਸ ਖੜੋਤ ਨੂੰ ਤੋੜਨਾ ਇਸ ਲਹਿਰ ਦੇ ਪਸਾਰੇ ਦੀ ਗੰਭੀਰ ਸਮੱਸਿਆ ਹੈ। ਇਹ ਸਮੱਸਿਆ ਜਮਹੂਰੀ ਲਹਿਰ ਨਾਲ ਤਾਲਮੇਲ ਰਾਹੀਂ ਹੀ ਹੱਲ ਹੋ ਸਕਦੀ ਹੈ। ਜਮਹੂਰੀ ਲਹਿਰ ਨੂੰ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਆਪਣਾ ਸਹਾਈ ਮੰਨਣਾ ਪਵੇਗਾ ਅਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਜਮਹੂਰੀ ਲਹਿਰ ਦੇ ਵੱਖ ਵੱਖ ਹਿੱਸਿਆਂ ਪ੍ਰਤੀ ਜ਼ਿਆਦਾ ਸੰਜੀਦਗੀ ਅਤੇ ਸੁਹਿਰਦਤਾ ਰਖਣੀ ਹੋਵੇਗੀ। ਇਹ ਸਵਾਲ ਜਮਹੂਰੀ ਹੱਕਾਂ ਦੀ ਜਥੇਬੰਦੀਆਂ ਅਤੇ ਜਮਹੂਰੀ ਲਹਿਰ ਦੀਆਂ ਜਥੇਬੰਦੀਆਂ ਰਾਹੀਂ ਸਾਂਝੇ ਤੌਰ ਤੇ ਹੀ ਹੱਲ ਹੋ ਸਕਦਾ ਹੈ।

ਦੇਸ਼ ਵਿਚ ਮੌਜੂਦਾ ਆਰਥਿਕ, ਸਮਾਜਿਕ ਅਤੇ ਸਿਆਸੀ ਸੰਕਟ ਕਾਫੀ ਗਹਿਰਾ ਹਾਕਮ ਜਮਾਤਾਂ ਹੈ। ਮੌਜੂਦਾ ਸੰਕਟ ਨੂੰ ਜਮਹੂਰੀ ਲਹਿਰ ਉਪਰ ਕਈ ਤਰ੍ਹਾਂ ਦੇ ਵਾਰ ਨਾਲ ਹੱਲ ਕਰਨ ਵਿਚ ਲੱਗੀਆਂ ਹੋਈਆਂ ਹਨ। ਜਮਹੂਰੀ ਲਹਿਰ ਦੇ ਕਈ ਹਿੱਸੇ ਪੇਚੀਦਾ ਹਾਲਾਤ ਕਾਰਨ ਭੰਬਲਭੂਸੇ ਵਿਚ ਪਏ ਹੋਏ ਹਨ। ਇਸ ਨਾਲ ਜਮਹੂਰੀ ਲਹਿਰ ਦੀ ਚੜ੍ਹਤ ਵਾਲੀ ਹਾਲਤ ਨਹੀਂ ਹੈ। ਘੱਟ ਸਰਗਰਮ ਲੋਕਾਂ ਵਿਚ ਇਸ ਕਾਰਨ ਮਾਯੂਸੀ ਵੀ ਨਜ਼ਰ ਆਉਂਦੀ ਹੈ। ਜਮਹੂਰੀ ਲਹਿਰ ਹਾਲਾਤਾਂ ਨੂੰ ਨਜਿੱਠਣ ਲਈ ਉਨ੍ਹਾਂ ਦੇ ਹਾਣ ਦੀ ਹੋ ਕੇ ਨਹੀਂ ਉਭਰ ਰਹੀ। ਇਸ ਕਾਰਨ ਜਮਹੂਰੀ ਲਹਿਰ ਦੇ ਆਗੂਆਂ ਸਾਹਮਣੇ ਆਪਣੀਆਂ ਦਰਪੇਸ਼ ਗੰਭੀਰ ਸਮੱਸਿਆਵਾਂ ਹਨ। ਉਨ੍ਹਾਂ ਤੋਂ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਆਪਣੇ ਨਾਲ ਤਾਲ-ਮੇਲ ਦੀ ਪਹਿਲ ਕਰਨ ਦੀ ਆਸ ਰੱਖਣਾ ਹਾਲਾਤਾਂ ਤੋਂ ਦੂਰ ਰਹਿਣ ਦੀ ਗੱਲ ਹੈ। ਇਸ ਕਰਕੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਜਮਹੂਰੀ ਲਹਿਰ ਦੇ ਚੇਤਨ ਲੋਕਾਂ ਨਾਲ ਤਾਲਮੇਲ ਕਰਨ ਲਈ ਪਹਿਲ ਕਦਮੀ ਵਧੇਰੇ ਵਾਜਬ ਲੱਗਦੀ ਹੈ।

ਮੌਜੂਦਾ ਸਮੇਂ ਦੀ ਗੱਲ ਕਰਦਿਆਂ ਜਮਹੂਰੀ ਹੱਕਾਂ ਦੀ ਲਹਿਰ ਦੇ ਪੈਦਾਇਸ਼ ਦੇ ਸੰਦਰਭ ਦੀ ਗੱਲ ਕਰਨੀ ਵੀ ਠੀਕ ਲੱਗਦੀ ਹੈ। ਭਾਰਤ ਵਿਚ ਇਹ ਲਹਿਰ 1975–77 ਦੀ ਐਮਰਜੈਂਸੀ ਦੌਰਾਨ ਜਮਹੂਰੀ ਹੱਕਾਂ ਉਪਰ ਸਰਕਾਰ ਦੁਆਰਾ ਵੱਡੇ ਹਮਲੇ ਕਾਰਨ ਪੈਦਾ ਹੋਈ। ਮਾਨਸਿਕ ਤੌਰ ਤੇ ਇਹ ਲਹਿਰ ਸਰਕਾਰੀ ਮਸ਼ੀਨਰੀ ਵਲੋਂ ਦਮਨ ਚੱਕਰ ਦੇ ਖਿਲਾਫ ਵਧੇਰੇ ਤਿਆਰ ਹੋਈ ਹੈ। ਇਸ ਕਾਰਨ ਸਰਕਾਰੀ ਮਸ਼ੀਨਰੀ ਵਲੋਂ ਜਮਹੂਰੀ ਹੱਕਾਂ ਤੇ ਹੋ ਰਹੇ ਹਮਲਿਆਂ ਨੂੰ ਇਸ ਲਹਿਰ ਨੇ ਕਾਫ਼ੀ ਨੰਗਾ ਕੀਤਾ ਅਤੇ ਆਪਣੀ ਸਮਰਥਾ ਮੁਤਾਬਿਕ ਉਸ ਦਾ ਵਿਰੋਧ ਵੀ ਕੀਤਾ। ਅੱਜ ਜਿੱਥੇ ਕਿਤੇ ਵੀ ਸਰਕਾਰੀ ਮਸ਼ੀਨਰੀ ਵਲੋਂ ਕੋਈ ਦਮਨ ਚੱਕਰ ਚੱਲਦਾ ਹੈ ਜਮਹੂਰੀ ਅਧਿਕਾਰਾਂ ਦੀਆਂ ਜਥੇਬੰਦੀਆਂ ਉਸ ਦਾ ਝੱਟ ਪਰਦਾ ਫਾਸ਼ ਕਰ ਦਿੰਦੀਆਂ ਹਨ। ਇਹ ਭਾਵੇਂ 1984 ਦੀ ਦਿੱਲੀ ਵਿਚ ਸਿੱਖ ਵਿਰੋਧੀ ਹਿੰਸਾ ਹੋਵੇ ਜਾਂ ਮੇਰਠ ਵਿਚ ਮੁਸਲਮਾਨਾਂ ਵਿਰੁਧ ਦਮਨ ਚੱਕਰ ਹੋਵੇ। ਪਰ ਜਿਥੇ ਇਹ ਦਮਨ ਚੱਕਰ ਰਸਮੀ ਤੌਰ ਤੇ ਸਰਕਾਰੀ ਮਸ਼ੀਨਰੀ ਤੋਂ ਹੱਟ ਕੇ ਗ਼ੈਰ-ਸਰਕਾਰੀ ਜਥੇਬੰਦੀਆਂ ਵਲੋਂ ਚਲਾਇਆ ਜਾਂਦਾ ਹੈ ਉਸਨੂੰ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਪੂਰੀ ਤਰ੍ਹਾਂ ਨੰਗਾ ਕਰਨ ਵਿਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਹਨ। ਖਾਸ ਕਰਕੇ ਉਨ੍ਹਾਂ

ਥਾਵਾਂ ਤੇ ਜਿਥੇ ਗ਼ੈਰ-ਸਰਕਾਰੀ ਜਥੇਬੰਦੀਆਂ ਹਿੰਸਾ ਦੀ ਵਰਤੋਂ ਕਰ ਰਹੀਆਂ ਹਨ ਅਤੇ ਜਮਹੂਰੀ ਲਹਿਰਾਂ ਦੇ ਕਾਰਕੁਨਾਂ ਤੇ ਵਾਰ ਕਰ ਰਹੀਆਂ ਹਨ ਉਥੇ ਉਨ੍ਹਾਂ ਦੇ ਖਿਲਾਫ ਆਵਾਜ਼ ਉਠਾਉਣਾ ਜਾਂ ਨੰਗਾ ਕਰਨ ਵਿੱਚ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਕਾਫ਼ੀ ਮੁਸ਼ਕੱਲ ਆਉਂਦੀ ਹੈ। ਇਸ ਦੇ ਦੋ ਕਾਰਨ ਨਜ਼ਰ ਆਉਂਦੇ ਹਨ। ਪਹਿਲਾ ਕਾਰਨ ਦਹਿਸ਼ਤ ਦਾ ਭੈਅ ਅਤੇ ਡਰ ਨਜ਼ਰ ਆਉਂਦਾ ਹੈ। ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਦੇ ਕਾਰਕੁਨ ਮੱਧ ਵਰਗੀ ਬੁਧੀਜੀਵੀ ਤਬਕੇ ਨਾਲ ਸਬੰਧਤ ਹਨ। ਉਹ ਖੁਲ੍ਹੇ ਤੌਰ ਤੇ ਲੋਕਾਂ ਵਿਚ ਵਿਚਰਦੇ ਹਨ। ਸਰਕਾਰੀ ਮਸ਼ੀਨਰੀ ਵੀ ਉਨ੍ਹਾਂ ਉਪਰ ਖੁਸ਼ ਨਹੀਂ ਰਹਿੰਦੀ। ਉਨ੍ਹਾਂ ਨੂੰ ਬਿਨਾਂ ਸੁਰੱਖਿਆ ਹੀ ਰਹਿਣਾ ਪੈਂਦਾ ਹੈ। ਉਨ੍ਹਾਂ ਵਾਸਤੇ ਖਾਲੀ ਹੱਥੀਂ ਰਹਿੰਦੇ ਗ਼ੈਰ-ਸਰਕਾਰੀ ਹਿੰਸਕ ਜਥੇਬੰਦੀਆਂ ਦੇ ਖਿਲਾਫ ਲਿਖਣਾ, ਬੋਲਣਾ ਜਾਂ ਉਨ੍ਹਾਂ ਨੂੰ ਨੰਗਾ ਕਰਨਾ ਖਤਰੇ ਤੋਂ ਖਾਲੀ ਨਹੀਂ। ਕਈ ਵਾਰੀ ਫੌਰੀ ਖਤਰੇ ਕਾਰਨ ਜਮਹੂਰੀ ਹੱਕਾਂ ਲਈ ਸਰਗਰਮ ਵਰਕਰਾਂ ਨੂੰ ਜ਼ੁਬਾਨ ਅਤੇ ਕਲਮ ਨੂੰ ਬੰਦ ਰੱਖਣਾ ਪੈਂਦਾ ਹੈ। ਪਿਛਲੇ ਸਮੇਂ ਵਿਚ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਜਮਹੂਰੀ ਵਰਕਰਾਂ ਉਪਰ ਐਸੇ ਹਮਲੇ ਹੋਏ ਹਨ ਅਤੇ ਕਈਆਂ ਕੇਸਾਂ ਵਿਚ ਇਹ ਹਮਲੇ ਮਾਰੂ ਸਾਬਤ ਹੋਏ ਹਨ। ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਦੋ ਪਾਸੇ ਮਾਰ ਹੇਠ ਆ ਰਹੀਆਂ ਹਨ। ਸਰਕਾਰੀ ਮਸ਼ੀਨਰੀ ਅਤੇ ਗ਼ੈਰ-ਸਰਕਾਰੀ ਗਰੋਹ ਦੋਵੇਂ ਹੀ ਜਮਹੂਰੀ ਵਰਕਰਾਂ ਦੇ ਖ਼ਿਲਾਫ ਹਨ। ਇਨ੍ਹਾਂ ਹਮਲਿਆਂ ਦਾ ਸੁਭਾਅ ਫਾਸ਼ੀਵਾਦੀ ਹੈ। ਇਸ ਸਥਿਤੀ ਵਿਚ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਦਾ ਕੰਮ ਕਾਫ਼ੀ ਔਖਾ ਹੋ ਗਿਆ ਹੈ। ਇਹ ਕੰਮ ਜਿਥੇ ਵਧੇਰੇ ਸਿਦਕ ਅਤੇ ਮਿਹਨਤ ਮੰਗਦਾ ਹੈ ਉਥੇ ਚੌਕਸੀ ਦੀ ਜ਼ਰੂਰਤ ਕਾਫੀ ਵੱਧ ਗਈ ਹੈ। ਇਨ੍ਹਾਂ ਹਾਲਤਾਂ ਵਿਚ ਜਮਹੂਰੀ ਹੱਕਾਂ ਦੀ ਲਹਿਰ ਦੀ ਹੋਂਦ ਜਮਹੂਰੀ ਲਹਿਰ ਨਾਲ ਵੱਧ ਜੁੜ ਕੇ ਹੀ ਕਾਇਮ ਰਹਿ ਸਕਦੀ ਹੈ। ਇਸ ਦੋ ਪਾਸੀ ਮਾਰ ਦਾ ਸ਼ਿਕਾਰ ਸਿਰਫ ਜਮਹੂਰੀ ਹੱਕਾਂ ਦੀ ਲਹਿਰ ਹੀ ਨਹੀਂ ਸਗੋਂ ਸਮੁੱਚੀ ਜਮਹੂਰੀ ਲਹਿਰ ਇਸ ਦੀ ਮਾਰ ਹੇਠ ਆ ਰਹੀ ਹੈ। ਇਸ ਕਰਕੇ ਇਹ ਮਸਲਾ ਸਾਰੇ ਜਮਹੂਰੀ ਲੋਕਾਂ ਦਾ ਹੈ। ਉਹ ਲੋਕ ਜੋ ਜਮਹੂਰੀ ਹੱਕਾਂ ਦੀ ਲਹਿਰ ਨੂੰ ਬੱਸੀ ਸਮਝਦੇ ਹਨ ਜਾਂ ਇਸ ਬਾਰੇ ਸ਼ੰਕੇ ਰੱਖਦੇ ਹਨ ਉਨ੍ਹਾਂ ਨੂੰ ਇਹ ਭਲੀ ਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਇਹ ਕੰਮ ਮਿਹਨਤਕਸ਼ ਲੋਕਾਂ ਨੂੰ ਜਥੇਬੰਦ ਕਰਨ ਲਈ ਵੀ ਗੰਭੀਰ ਅਤੇ ਜ਼ਰੂਰੀ ਹੈ।

ਗ਼ੈਰ-ਸਰਕਾਰੀ ਹਿੰਸਕ ਜਥੇਬੰਦੀਆਂ ਦੇ ਹੋਂਦ ਵਿਚ ਆਉਣ ਨਾਲ ਸਮਝ ਦੇ ਪੱਧਰ ਤੇ ਵੀ ਗੰਧਲਾਪਣ ਸਾਹਮਣੇ ਆ ਰਿਹਾ ਹੈ। ਐਸੀਆਂ ਜਥੇਬੰਦੀਆਂ ਕਈ ਵਾਰ ਸਰਕਾਰੀ ਮਸ਼ੀਨਰੀ ਦੇ ਵਿਰੋਧ ਵਿਚ ਵੀ ਖੜਦੀਆਂ ਹਨ। ਕਿਉਂਕਿ ਸਰਕਾਰੀ ਮਸ਼ੀਨਰੀ ਜਮਹੂਰੀ ਹੱਕਾਂ ਤੇ ਵਿਰੋਧ ਦਾ ਪਿਛਲੇ ਸਮੇਂ ਵਿਚ ਮੁੱਖ ਸਰੋਤ ਰਿਹਾ ਹੈ ਇਸ ਕਰਕੇ ਜੋ ਵੀ ਉਸ ਦੀ ਵਿਰੋਧਤਾ ਕਰਦਾ ਹੈ ਉਸ ਪ੍ਰਤੀ ਕਈ ਵਾਰ ਸੁਚੇਤ ਲੋਕਾਂ ਦਾ ਰਵੱਈਆ ਨਰਮ ਹੋ ਜਾਂਦਾ ਹੈ। ਉਨ੍ਹਾਂ ਦੇ ਸੱਤਾਵਾਦੀ ਹਕੂਮਤ ਦੇ ਵਿਰੋਧ ਨੂੰ ਜਮਹੂਰੀਅਤ ਦੀ ਬਹਾਲੀ ਲਈ ਇਕ ਕਦਮ ਸਮਝ ਲਿਆ ਜਾਂਦਾ ਹੈ। ਐਸੀਆਂ ਖਾੜਕੂ-ਹਿੰਸਕ ਜਥੇਬੰਦੀਆਂ ਵਲੋਂ ਕੀਤੇ ਜਮਹੂਰੀ ਲਹਿਰ ਉਤੇ ਵਾਰ ਨੂੰ ਛੁਪਾਉਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ। ਐਸੇ ਲੋਕ ਸਧਾਰਣ ਗੜਬੜ ਨੂੰ ਜਮਹੂਰੀ ਇਨਕਲਾਬੀ ਲਹਿਰ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੂੰ ਗੜਬੜ ਕਾਰਨ ਹੋਈਆਂ ਜ਼ਿਆਦਤੀਆਂ ਅਤੇ ਖਾਸ ਕਰਕੇ ਮਿਹਨਤਕਸ਼ ਲੋਕਾਂ ਤੇ ਹਮਲੇ ਨਜ਼ਰ ਹੀ ਨਹੀਂ ਆਉਂਦੇ। ਜਦੋਂ ਕੁਝ ਜਮਹੂਰੀ ਕਾਰਕੁਨ ਬਦਅਮਨੀ ਫੈਲਾਉਣ ਵਾਲੀਆਂ ਹਿੰਸਕ ਜਥੇਬੰਦੀਆਂ ਦੇ ਹੱਕ ਵਿਚ ਭੁਗਤਦੇ ਹਨ ਤਾਂ ਇਸ ਨਾਲ ਇਕ ਪਾਸੇ ਵਿਚਾਰਧਾਰਕ ਗੰਧਲਾਪਣ ਪੈਦਾ ਹੁੰਦਾ ਹੈ ਦੂਜੇ ਪਾਸੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਦੀ ਸ਼ਾਖ ਨੂੰ ਆਮ ਲੋਕਾਂ ਵਿਚ ਧੱਕਾ ਲੱਗਦਾ ਹੈ। ਇਸ ਸਮੇਂ ਸਿਰਫ਼ ਕੁਝ ਜਮਹੂਰੀ ਵਿਅਕਤੀ ਹੀ ਇਸ ਵਿਚਾਰਧਾਰਕ ਗੰਧਲੇਪਣ ਦਾ ਸ਼ਿਕਾਰ ਨਹੀਂ ਹੋਏ ਸਗੋਂ ਉਨ੍ਹਾਂ ਵਲੋਂ ਕੁਝ ਐਸੀਆਂ ਜਥੇਬੰਦੀਆਂ ਵੀ ਕਾਇਮ ਕਰ ਲੈਂਦੀਆਂ ਗਈਆਂ ਹਨ ਜਿਹੜੀਆਂ ਮਨੁੱਖੀ ਹੱਕਾਂ ਅਤੇ ਜਮਹੂਰੀ ਹੱਕਾਂ ਦੀ ਗੱਲ ਕਰਦੇ ਸਮੇਂ ਐਸੀਆਂ ਹਿੰਸਕ ਜਥੇਬੰਦੀਆਂ ਦੇ ਹੱਕ ਵਿਚ ਭੁਗਤਦੀਆਂ ਹਨ ਜਿਨ੍ਹਾਂ ਦਾ ਖਾਸਾ ਜਮਹੂਰੀ ਲਹਿਰ ਦੇ ਬਿਲਕੁਲ ਹੀ ਉਲਟ ਜਾਂਦਾ ਹੈ। ਐਸੀਆਂ ਜਥੇਬੰਦੀਆਂ ਜਮਹੂਰੀ ਲਹਿਰ ਦੀਆਂ ਸਹਾਇਕ ਹੋਣ ਦੀ ਬਜਾਏ ਆਪਣੇ ਅਮਲ ਵਿਚੋਂ ਇਸ ਲਹਿਰ ਦੇ ਐਨ ਉਲਟ ਭੁਗਤਦੀਆਂ ਹਨ। ਐਸੀਆਂ ਜਥੇਬੰਦੀਆਂ ਜਮਹੂਰੀ ਹੱਕਾਂ ਦੀ ਲਹਿਰ ਵਿਚ ਫੁੱਟ ਤਾਂ ਪਾਉਂਦੀਆਂ ਹੀ ਹਨ ਪਰ ਇਸ ਨਾਲੋਂ ਵੀ ਖਤਰਨਾਕ ਗੱਲ ਹੈ ਕਿ ਇਸ ਲਹਿਰ ਦੀ ਸ਼ਾਖ ਉਪਰ

ਡੂੰਘੀ ਸੱਟ ਵੱਜਦੀ ਹੈ। ਜਮਹੂਰੀ ਹੱਕਾਂ ਦੀ ਲਹਿਰ ਵਿਚ ਏਕਤਾ ਬਣਾਈ ਰੱਖਣਾ ਅਤੇ ਆਪਣੀ ਸਾਖ ਨੂੰ ਕਾਇਮ ਰੱਖਣਾ ਇਕ ਗੰਭੀਰ ਮਸਲਾ ਹੈ। ਇਸ ਲਹਿਰ ਨੂੰ ਅੱਗੇ ਤੋਰਨ ਵਾਸਤੇ ਇਨ੍ਹਾਂ ਸਮੱਸਿਆਵਾਂ ਨੂੰ ਨਜਿੱਠਣਾ ਲਾਜ਼ਮੀ ਹੈ।

ਜਮਹੂਰੀ ਹੱਕਾਂ ਦੀ ਲਹਿਰ ਦੇ ਮੌਜੂਦਾ ਪੱਧਰ ਅਤੇ ਦਰਪੇਸ਼ ਸਮੱਸਿਆਵਾਂ ਤੋਂ ਇਹ ਮਤਲਬ ਨਹੀਂ ਕੱਢਣਾ ਚਾਹੀਦਾ ਕਿ ਆਮ ਲੋਕਾਂ ਵਿਚ ਇਨ੍ਹਾਂ ਹੱਕਾਂ ਪ੍ਰਤੀ ਬੇਰੁਖੀ ਹੈ। ਆਮ ਲੋਕ ਜ਼ਿੰਦਗੀ ਦੇ ਅਹਿਮ ਪਹਿਲੂਆਂ ਵਿਚ ਆਪਣਾ ਪ੍ਰਭਾਵ ਵਧਾ ਕੇ ਆਪਣੀ ਹੋਣੀ ਦੇ ਆਪ ਮਾਲਕ ਬਣਨ ਦੇ ਇੱਛਕ ਹਨ। ਜਮਹੂਰੀ ਹੱਕਾਂ ਦੀ ਹੋਂਦ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਇਕ ਜ਼ਰੂਰੀ ਸਾਧਨ ਹੈ। ਇਹੋ ਕਾਰਨ ਹੈ ਕਿ ਜਦੋਂ ਵੀ ਕੋਈ ਉਨ੍ਹਾਂ ਦੇ ਹੱਕਾਂ ਉਪਰ ਛਾਪਾ ਮਾਰਦਾ ਹੈ ਉਹ ਵਕਤ ਆਉਣ ਤੇ ਉਸ ਦੀ ਖਿਲਾਫ਼ਤ ਆਪਣੀ ਸਮਰੱਥਾ ਅਨੁਸਾਰ ਕਰਦੇ ਹਨ। ਜਮਹੂਰੀ ਹੱਕਾਂ ਦੀ ਲਹਿਰ ਅਤੇ ਖਾਸ ਕਰਕੇ ਜਮਹੂਰੀ ਲਹਿਰ ਦੀ ਜਥੇਬੰਦ ਸ਼ਕਤੀ ਕਮਜ਼ੋਰ ਹੋਣ ਕਾਰਨ ਲੋਕਾਂ ਦੀ ਵੱਡੀ ਪੱਧਰ ਤੇ ਲਾਮਬੰਦੀ ਵਿਚ ਸ਼ਮੂਲੀਅਤ ਸੰਭਵ ਨਹੀਂ ਬਣਦੀ। ਇਹ ਘਾਟ ਲੋਕਾਂ ਦੀ ਨਹੀਂ ਜਮਹੂਰੀ ਲਹਿਰ ਦੀ ਹੈ। ਇਸ ਸਬੰਧ ਵਿਚ 1977 ਦੀਆਂ ਚੋਣਾਂ ਵਿਚ ਐਮਰਜੈਂਸੀ ਲਾਗੂ ਕਰਨ ਵਾਲੀ ਇੰਦਰਾ ਪਾਰਟੀ ਨੂੰ ਲੋਕਾਂ ਹਰਾ ਕੇ ਜਮਹੂਰੀ ਹੱਕਾਂ ਪ੍ਰਤੀ ਲੋਕਾਂ ਨੇ ਆਪਣੇ ਮੋਹ ਤੇ ਚੇਤਨਤਾ ਦਾ ਇਜ਼ਹਾਰ ਕੀਤਾ ਸੀ। ਇਹ ਗੱਲ ਜਮਹੂਰੀ ਹੱਕਾਂ ਦੀ ਲਹਿਰ ਅਤੇ ਜਮਹੂਰੀ ਦੀਆਂ ਵਿਸ਼ਾਲ ਸੰਭਾਵਨਾਵਾਂ ਦਾ ਸੰਕੇਤ ਹੈ। ਇਨ੍ਹਾਂ ਸੰਭਾਵਨਾਵਾਂ ਨੂੰ ਲਹਿਰ ਦੇ ਵਿਕਾਸ ਕਰਨ ਵਿਚ ਤਬਦੀਲ ਕਰਨ ਦੀ ਜ਼ਿੰਮੇਵਾਰੀ ਜਮਹੂਰੀ ਲਹਿਰ ਦੇ ਉਸਰਈਆਂ ਉਪਰ ਹੀ ਆਉਂਦੀ ਹੈ। ਜਮਹੂਰੀ ਹੱਕਾਂ ਦੀ ਲਹਿਰ ਉਸ ਵੱਡੀ ਲਹਿਰ ਦੇ ਇਕ ਅੰਗ - ਵਜੋਂ ਹੀ ਅੱਗੇ ਵਿਕਾਸ ਕਰ ਸਕਦੀ ਹੈ ਅਤੇ ਵੱਡੀ ਲਹਿਰ ਦੇ ਪਸਾਰੇ ਲਈ ਸਹਾਈ ਹੋ ਸਕਦੀ ਹੈ। ਲੋਕ ਇਸ ਲਹਿਰ ਦੇ ਵਿਕਾਸ ਦੇ ਇੱਛਕ ਹਨ ਅਤੇ ਇਸ ਦੇ ਪੱਖ ਵਿਚ ਖੜਨ ਨੂੰ ਤਿਆਰ ਹਨ।

ਜਮਹੂਰੀ ਹੱਕਾਂ ਦੀ ਲਹਿਰ ਦਾ ਲੇਖਾ ਜੋਖਾ ਕਰਨ ਲਈ ਕੁਝ ਅਹਿਮ ਨੁਕਤੇ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਕੁਝ ਸਵਾਲ ਐਸੇ ਹਨ ਜਿਨ੍ਹਾਂ ਦਾ ਜਵਾਬ ਫੌਰੀ ਦੇਣਾ ਮੁਸ਼ਕਲ ਹੈ। ਇਹ ਬਹਿਸ ਦੀ ਮੰਗ ਕਰਦੇ ਹਨ। ਇਹ ਸਵਾਲ ਇਸ ਆਸ ਨਾਲ ਉਠਾਏ ਗਏ ਹਨ ਕਿ ਜਮਹੂਰੀ ਹੱਕਾਂ ਦੀ ਲਹਿਰ ਦੇ ਆਗੂ, ਸਰਗਰਮ ਵਰਕਰ ਅਤੇ ਹਮਦਰਦ ਇਨ੍ਹਾਂ ਪ੍ਰਤੀ ਸੁਹਿਰਦਤਾ ਅਤੇ ਗੰਭੀਰਤਾ ਨਾਲ ਵਿਚਾਰ ਕਰਨਗੇ। ਨੁਕਤੇ ਉਠਾਉਣ ਸਮੇਂ ਰੋਜ਼ਾਨਾ ਸਰਗਰਮੀ ਸਮੇਂ ਮਿਲਦੀਆਂ ਉਦਾਹਰਣਾਂ ਨੂੰ ਇਸ ਲੇਖ ਵਿਚ ਸ਼ਾਮਲ ਇਸ ਕਰਕੇ ਨਹੀਂ ਕੀਤਾ ਕਿ ਜਮਹੂਰੀ ਹੱਕਾਂ ਦੀ ਲਹਿਰ ਦੇ ਉਸਰਈਏ ਇਨ੍ਹਾਂ ਤੋਂ ਪੂਰੀ ਤਰ੍ਹਾਂ ਵਾਕਫ ਹਨ। ਇਹ ਦਲੀਲ ਨੂੰ ਸੰਖੇਪ ਅਤੇ ਸਿੱਧੇ ਰੂਪ ਵਿਚ ਪੇਸ਼ ਕਰਨ ਹਿੱਤ ਕੀਤਾ ਗਿਆ ਹੈ। ਉਠਾਏ ਮੁੱਦਿਆਂ ਤੇ ਅਗਰ ਬਹਿਸ ਅੱਗੇ ਤੁਰਦੀ ਹੈ ਤਾਂ ਇਹ ਛੋਟੇ ਪੱਧਰ ਤੇ ਕੀਤੀ ਕੋਸ਼ਿਸ਼ ਜਮਹੂਰੀ ਲਹਿਰ ਦੇ ਪਸਾਰੇ ਲਈ ਸਹਾਈ ਸਾਬਤ ਹੋਵੇਗੀ। ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਵਿਚ ਹੀ ਇਸ ਲਹਿਰ ਦੇ ਪਸਾਰੇ ਦੀਆਂ ਸੰਭਾਵਨਾਵਾਂ ਪਈਆਂ ਹਨ।

o

## ਅਮਰਜੀਤ ਸੋਹੀ/ਇੱਕ ਜਾਣ ਪਛਾਣ ਅਤੇ ਰਿਹਾਈ ਦੀ ਮੰਗ

ਦੇਸ ਪਰਦੇਸ ਵਿੱਚ ਵਸਦੇ ਪੰਜਾਬੀ ਭਾਈਚਾਰੇ ਦੇ ਲੋਕ-ਪੱਖੀ ਸਾਹਿੱਤਕ ਅਤੇ ਸੱਭਿਆਚਾਰਕ ਸਰਗਰਮੀਆਂ ਨਾਲ ਲਗਾਅ ਰੱਖਣ ਵਾਲੇ ਮੈਂਬਰਾਂ ਨੇ ਇਹ ਦੁਖਦਾਈ ਖਬਰ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਪੜ੍ਹ ਸੁਣ ਲਈ ਹੋਵੇਗੀ ਕਿ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ, ਅਲਬਰਟਾ (ਕੈਨੇਡਾ) ਦੀ ਚਾਰ-ਮੈਂਬਰੀ ਕੋਆਰਡੀਨੇਸ਼ਨ ਕਮੇਟੀ ਦਾ ਮੈਂਬਰ ਅਮਰਜੀਤ ਸੋਹੀ ਕਈ ਮਹੀਨਿਆਂ ਤੋਂ ਭਾਰਤ ਦੀ ਗਯਾ ਜੇਹਲ (ਬਿਹਾਰ) ਵਿਚ ਨਜ਼ਰਬੰਦ ਹੈ। ਲੋਕ-ਪੱਖੀ ਸਾਹਿੱਤਕ ਅਤੇ ਸੱਭਿਆਚਾਰਕ ਸਰਗਰਮੀਆਂ ਨਾਲ ਡੂੰਘਾ ਮੋਹ ਰੱਖਣ ਵਾਲੇ ਇਸ 25 ਸਾਲਾ ਨੌਜੁਆਨ ਨੂੰ ਬਿਹਾਰ ਪੁਲੀਸ ਨੇ 15 ਨਵੰਬਰ 1988 ਨੂੰ ਉਸ ਵੇਲੇ

ਗ੍ਰਿਫਤਾਰ ਕਰ ਲਿਆ ਸੀ ਜਦੋਂ ਕਿ ਕੈਨੇਡਾ ਤੋਂ ਕੁਝ ਸਮੇਂ ਲਈ ਹਿੰਦੁਸਤਾਨ ਗਿਆ। ਇਹ ਨੌਜਵਾਨ ਭਾਰਤੀ ਲੋਕਾਂ ਦੇ ਦੁਖ-ਦਰਦ ਨੂੰ ਨੇੜਿਓਂ ਹੋ ਕੇ ਵੇਖਣ ਦੇ ਮੰਤਵ ਨਾਲ ਬਿਹਾਰ ਸੂਬੇ ਦਾ ਦੌਰਾ ਕਰ ਰਿਹਾ ਸੀ। ਗ੍ਰਿਫਤਾਰੀ ਤੋਂ ਬਾਅਦ ਉਸ ਉਪਰ ਇਹ ਝੂਠਾ ਕੇਸ ਮੜ੍ਹਿਆ ਗਿਆ ਹੈ ਕਿ "ਅਮਰਜੀਤ ਸੋਹੀ ਸਿੱਖ ਦਹਿਸ਼ਤਗਰਦ ਹੈ ਅਤੇ ਭਾਰਤ ਦੇ ਸਿੱਖ ਦਹਿਸ਼ਤਗਰਦਾਂ ਨੂੰ ਟਰੇਨਿੰਗ ਦੇਣ ਲਈ ਕੈਨੇਡਾ ਤੋਂ ਆਇਆ ਹੈ।" ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਵੱਲੋਂ ਤਿਆਰ ਕੀਤੀ ਗਈ ਅਤੇ ਉੱਤਰੀ ਅਮਰੀਕਾ ਦੀਆਂ ਪੰਜ ਹੋਰ ਜਥੇਬੰਦੀਆਂ ਨਾਲ ਸਾਂਝੇ ਤੌਰ 'ਤੇ ਜਾਰੀ ਕੀਤੀ ਜਾ ਰਹੀ ਇਸ ਪ੍ਰੈੱਸ ਰੀਲੀਜ਼ ਦਾ ਮੰਤਵ ਇਹ ਹੈ ਕਿ ਅਮਰਜੀਤ ਸੋਹੀ ਦੇ ਪਿਛੋਕੜ ਅਤੇ ਸਰਗਰਮੀਆਂ ਦੀ ਜਾਣ ਪਛਾਣ ਕਰਵਾ ਕੇ ਉਸ 'ਤੇ ਮੜ੍ਹੇ ਗਏ ਝੂਠੇ ਦੋਸ਼ ਦਾ ਪਰਦਾ ਫਾਸ਼ ਕੀਤਾ ਜਾਵੇ ਅਤੇ ਉਸਦੀ ਰਿਹਾਈ ਦੀ ਮੰਗ ਨੂੰ ਹੋਰ ਵੀ ਤੇਜ਼ ਕੀਤਾ ਜਾ ਸਕੇ।

• ਪਹਿਲੀ ਗੱਲ ਤਾਂ ਇਹ ਹੈ ਕਿ ਕੈਨੇਡਾ ਦੀ ਜਿਸ ਐਸੋਸੀਏਸ਼ਨ ਦਾ ਉਹ ਇਕ ਕੋਆਰਡੀਨੇਟਰ ਹੈ, ਉਸ ਸੰਸਥਾ ਦੇ ਫਿਰਕੂ ਦਹਿਸ਼ਤਗਰਦੀ ਦੇ ਵਿਰੋਧੀ ਹੋਣ ਬਾਰੇ ਕਿਸੇ ਨੂੰ ਵੀ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਇਹ ਐਸੋਸੀਏਸ਼ਨ ਨਾ ਕੇਵਲ ਫਿਰਕਾਪ੍ਰਸਤੀ ਅਤੇ ਫਿਰਕੂ ਜਨੂੰਨ ਦਾ ਹਰ ਹੀਲੇ ਵਿਰੋਧ ਕਰਦੀ ਰਹੀ ਹੈ, ਬਲਕਿ ਸਿੱਖ ਅਤੇ ਹਿੰਦੂ ਫਿਰਕਾਪ੍ਰਸਤਾਂ ਦੇ ਸਿੱਧੇ ਵਿਰੋਧ ਦਾ ਨਿਸ਼ਾਨਾ ਵੀ ਬਣਦੀ ਰਹੀ ਹੈ। ਅਜਿਹੀ ਐਸੋਸੀਏਸ਼ਨ ਦੇ ਕੋਆਰਡੀਨੇਟਰ ਵਰਗੇ ਕਿਸੇ ਵੀ ਜ਼ਿੰਮੇਵਾਰ ਵਿਅਕਤੀ ਦਾ ਸਿੱਖ ਦਹਿਸ਼ਤਗਰਦੀ ਨਾਲ ਭਲਾ ਕੀ ਸੰਬੰਧ ਹੋ ਸਕਦਾ ਹੈ?

ਅਮਰਜੀਤ ਸੋਹੀ ਨੇ 28 ਮਾਰਚ 1987 ਨੂੰ ਐਸੋਸੀਏਸ਼ਨ ਵਲੋਂ ਜਥੇਬੰਦ ਕੀਤੇ ਗਏ "ਸ਼ਹੀਦ ਭਗਤ ਸਿੰਘ-ਰਾਜਗੁਰੂ-ਸੁਖਦੇਵ ਸ਼ਹੀਦੀ-ਦਿਵਸ ਸਭਿਆਚਾਰਕ ਪ੍ਰੋਗਰਾਮ" ਵਿਚ ਪੇਸ਼ ਕੀਤੇ ਗਏ ਦੋ ਨਾਟਕਾਂ 'ਉਠਣ ਦਾ ਵੇਲਾ' (ਲੇਖਕ: ਪੰਜਾਬ ਨਾਟਕ ਕਲਾ ਕੇਂਦਰ) ਅਤੇ 'ਇਕ ਮੋਰਚਾ, ਇਕ ਕੁਰਸੀ ਅਤੇ ਹਵਾ ਵਿਚ ਲਟਕਦੇ ਹੋਏ ਲੋਕ' (ਲੇਖਕ: ਗੁਰਸ਼ਰਨ ਸਿੰਘ) ਵਿਚ ਮੁਖ ਰੋਲ ਅਦਾ ਕੀਤੇ ਸਨ। ਇਹ ਦੋਵੇਂ ਨਾਟਕ ਫਿਰਕੂ ਜਨੂੰਨ ਅਤੇ ਫਿਰਕੂ ਦਹਿਸ਼ਤਗਰਦੀ ਦਾ ਡਟਕੇ ਵਿਰੋਧ ਕਰਦੇ ਹਨ। ਇਨ੍ਹਾਂ ਨਾਟਕਾਂ ਵਿਚ ਭਾਗ ਲੈਣ ਵਾਲਾ ਕੋਈ ਵੀ ਕਲਾਕਾਰ ਸਿੱਖ ਦਸ਼ਿਤਗਰਦੀ ਦਾ ਸਮਰਥਕ ਕਿਵੇਂ ਹੋ ਸਕਦਾ ਹੈ?

ਅਪ੍ਰੈਲ 1987 ਵਿਚ ਉਹ ਲਾਟ ਭਿੰਡਰ, ਹਰਦੇਵ ਵਿਰਕ ਅਤੇ ਬਖਸ਼ ਰੰਧਾਵਾ ਨਾਲ, ਐਸੋਸੀਏਸ਼ਨ ਦੀ ਚਾਰ-ਮੈਂਬਰੀ ਕੋਆਰਡੀਨੇਸ਼ਨ ਕਮੇਟੀ ਦਾ ਮੈਂਬਰ ਨਾਮਜ਼ਦ ਹੋਇਆ ਸੀ। ਉਦੋਂ ਤੋਂ ਲੈ ਕੇ ਅਪ੍ਰੈਲ 1988 ਵਿਚ ਭਾਰਤ ਨੂੰ ਚਲੇ ਜਾਣ ਤਕ ਉਹ ਐਸੋਸੀਏਸ਼ਨ ਦੀ ਹਰ ਸਰਗਰਮੀ ਵਿਚ ਵਧ ਚੜ੍ਹਕੇ ਭਾਗ ਲੈਂਦਾ ਰਿਹਾ। ਮਈ 1987 ਵਿਚ ਐਸੋਸੀਏਸ਼ਨ ਵਲੋਂ, ਕੈਨੇਡੀਅਨ ਪੋਸਟਲ ਵਰਕਰਜ਼ ਦੀ ਹੜਤਾਲ ਦੀ ਹਮਾਇਤ ਵਿਚ ਅਲਬਰਟਾ ਦੀਆਂ ਲੋਕ ਜਮਹੂਰੀ ਜਥੇਬੰਦੀਆ ਵਲੋਂ ਐਡਮੰਟਨ ਸਿਟੀ ਹਾਲ ਦੇ ਸਾਹਮਣੇ ਕੀਤੇ ਗਏ ਮੁਜ਼ਾਹਰੇ ਵਿਚ ਜੋ ਸਰਗਰਮ ਭਾਗ ਲਿਆ ਗਿਆ, ਉਸਦੀ ਤਜਵੀਜ਼ ਅਮਰਜੀਤ ਵਲੋਂ ਹੀ ਪੇਸ਼ ਕੀਤੀ ਗਈ ਸੀ।

22 ਨਵੰਬਰ 1987 ਨੂੰ ਐਸੋਸੀਏਸ਼ਨ ਵਲੋਂ, ਨਵੰਬਰ-ਮਹੀਨੇ ਨਾਲ ਸੰਬੰਧਤ ਦੋ ਯਾਦਾਂ ਦੇ ਆਧਾਰ 'ਤੇ "ਸ਼ਰਧਾਂਜਲੀ ਸਮਾਗਮ" ਮਨਾਇਆ ਗਿਆ। ਇਹ ਸਮਾਗਮ ਉਤਰੀ ਅਮਰੀਕਾ ਵਿਚ ਸਥਾਪਤ ਹੋਣ ਵਾਲੀ ਹਿੰਦੋਸਤਾਨੀ ਗਦਰ ਪਾਰਟੀ ਦੇ 16 ਨਵੰਬਰ 1915 ਨੂੰ ਫਾਂਸੀ ਤੇ ਲਟਕਣ ਵਾਲੇ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਅਤੇ ਪੰਜ ਹੋਰ ਦੇਸ਼ ਭਗਤਾਂ ਦੀ 72ਵੀਂ ਬਰਸੀ ਸਮੇਂ ਇਨ੍ਹਾਂ ਅਮਰ-ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ, ਅਤੇ 8 ਨਵੰਬਰ 1986 ਨੂੰ ਸਦੀਵੀ ਵਿਛੋੜਾ ਦੇਣ ਵਾਲੇ ਲੋਕ-ਕਵੀ ਸੰਤ ਰਾਮ ਉਦਾਸੀ ਨੂੰ ਸ਼ਰਧਾਂਜਲੀ ਦੇਣ ਲਈ ਮਨਾਇਆ ਗਿਆ ਸੀ। ਇਸ ਸਮਾਗਮ ਵਿਚ ਪੇਸ਼ ਕਰਨ ਲਈ ਅਮਰਜੀਤ ਸੋਹੀ ਨੇ (ਜੋਰਾ ਸਿੰਘ ਨਸਰਾਲੀ ਦਾ ਲਿਖਿਆ) ਜੋ ਗੀਤ ਚੁਣਿਆ ਸੀ ਅਤੇ ਜੋ ਉਸੇ ਦੀ ਅਗਵਾਈ ਹੇਠ ਤਿੰਨ ਹੋਰ ਸਾਥੀਆਂ ਅਤੇ ਦੋ ਸਾਥਣਾਂ ਵਲੋਂ ਸਮੂਹ-ਗਾਣ ਦੇ ਤੌਰ ਤੇ ਪੇਸ਼ ਕੀਤਾ ਗਿਆ ਸੀ, ਉਸਦੀਆਂ ਕੁਝ ਸਤਰਾਂ ਇਹ ਹਨ:

ਵਿਹਲੜ ਘੂਰੀਆਂ ਵਟ ਵਟ ਆਵੇ,
ਖਾ ਕੇ ਮਾਲ ਗਰੀਬਾਂ ਦਾ।
ਹੱਕਾਂ 'ਤੇ ਡਾਕਾਂ ਪੈਣ ਨੀਂ ਦੇਣਾ,
ਇਹ ਪੈਗਾਮ ਸ਼ਹੀਦਾਂ ਦਾ।

ਜਬਰ ਜ਼ੰਜੀਰਾਂ ਤੋੜਨ ਉੱਠੇ,
ਹਰ ਯੁਗ ਗਦਰੀ ਬਾਬੇ ਵੇ।
ਧਰਤੀ ਦੀ ਕੁੱਖ ਜੰਮਦੀ ਰਹਿੰਦੀ,
ਊਧਮ ਭਗਤ ਸਰਾਭੇ ਵੇ।
ਤੁਰੇ ਕਾਫਲੇ ਰੋਕ ਨਾ ਸਕਦਾ,
ਝੂਠਾ ਜਾਲ ਸਲੀਬਾਂ ਦਾ।... ... ...

ਫਿਰਕੂ ਜਨੂੰਨ ਅਤੇ ਫਿਰਕੂ ਦਹਿਸ਼ਤਗਰਦੀ ਤੋਂ ਉਪਰ ਉਠ ਹੋਏ ਹਿੰਦੁਸਤਾਨੀਅਤ ਦੇ ਪ੍ਰਤੀਕ ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤਾਂ ਦੇ ਗੀਤ ਗਾਉਣ ਵਾਲਾ ਅਮਰਜੀਤ ਫਿਰਕੂ ਜਨੂੰਨ, ਫਿਰਕੂ ਦਹਿਸ਼ਤਗਰਦੀ ਅਤੇ ਫਿਰਕਾ ਪ੍ਰਸਤੀ ਦਾ ਸਮਰਥਕ ਕਿਵੇਂ ਹੋ ਸਕਦਾ ਹੈ ?

ਇਸੇ ਪ੍ਰੋਗਰਾਮ ਵਿਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੇ ਇਤਿਹਾਸ, ਮੰਤਵ ਅਤੇ ਸਰਗਰਮੀਆਂ ਬਾਰੇ ਸਪੀਚ ਕਰਦੇ ਹੋਏ ਅਮਰਜੀਤ ਨੇ ਕਿਹਾ ਸੀ : "1980 ਤੋਂ ਲੈ ਕੇ ਹੁਣ ਤਕ ਹਿੰਦੁਸਤਾਨ ਦੇ ਵਿਚ ਤੇ ਖਾਸ ਕਰਕੇ ਪੰਜਾਬ ਦੇ ਵਿਚ ਜੋ ਫਿਰਕੂ ਲਹਿਰ ਚਲ ਰਹੀ ਹੈ, ਉਸਦਾ ਅਸਰ ਐਥੇ ਕੈਨੇਡਾ ਦੇ ਵਿਚ ਰਹਿ ਰਹੀ ਸਾਡੀ ਹਿੰਦੁਸਤਾਨੀ ਕਮਿਊਨਿਟੀ 'ਤੇ ਵੀ ਹੋਇਆ ਹੈ। ਏਥੇ ਵੀ ਕਈ ਜਥੇਬੰਦੀਆਂ ਨੇ, ਜਿਹੜੀਆਂ ਸਾਡੇ ਲੋਕਾਂ ਨੂੰ ਆਪਸ ਵਿਚ ਵੰਡਣਾ ਚਾਹੁੰਦੀਆਂ ਨੇ, ਏਹੋ ਜਿਹੇ ਹਾਲਾਤਾਂ ਵਿਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਸਿਰਫ ਕਾਇਮ ਹੀ ਨਹੀਂ ਰਹੀ, ਇਹਨੇ ਬੜੀ ਦ੍ਰਿੜ੍ਹਤਾ ਤੇ ਈਮਾਨਦਾਰੀ ਦੇ ਨਾਲ ਇਸ ਫਿਰਕੂ ਲਹਿਰ ਦਾ ਵਿਰੋਧ ਕੀਤਾ......।" ਸੈਂਕੜੇ ਲੋਕਾਂ ਦੇ ਸਾਹਮਣੇ ਸਟੇਜ 'ਤੇ ਅਜਿਹੇ ਵਿਚਾਰ ਪੇਸ਼ ਕਰਨ ਵਾਲਾ ਅਮਰਜੀਤ ਸਿੱਖ ਦਹਿਸ਼ਤਗਰਦਾਂ ਦਾ ਸਮਰਥਕ ਕਿਵੇਂ ਹੋ ਸਕਦਾ ਹੈ ?

26 ਮਾਰਚ 1988 ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ ਵਿਚ ਐਸੋਸੀਏਸ਼ਨ ਵੱਲੋਂ ਆਯੋਜਿਤ ਕੀਤੇ ਗਏ ਤੀਜੇ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ ਵਿਚ ਦੋ ਨਾਟਕ ਵੀ ਪੇਸ਼ ਕੀਤੇ ਗਏ ਸਨ : 'ਅੰਨ੍ਹੇ ਨਿਸ਼ਾਨਚੀ' (ਲੇਖਕ : ਅਜਮੇਰ ਸਿੰਘ ਔਲਖ) ਅਤੇ 'ਜਨਾਬ ਅਸੀਂ ਹਾਜ਼ਰ ਹਾਂ' (ਲੇਖਕ : ਦਰਸ਼ਨ ਮਿੱਤਵਾ)। ਇਹ ਦੋਵੇਂ ਨਾਟਕ ਵੀ ਫਿਰਕੂ ਜਨੂੰਨ ਅਤੇ ਫਿਰਕੂ ਦਹਿਸ਼ਤਗਰਦੀ ਦਾ ਭਰਵਾਂ ਵਿਰੋਧ ਕਰਦੇ ਹਨ ਅਤੇ ਹਕੂਮਤ ਦੇ ਫਿਰਕੂ ਜਨੂੰਨ ਉੱਤੇ ਕਾਬੂ ਪਾਉਣ ਦੇ ਅਖੌਤੀ ਯਤਨਾਂ ਦੇ ਖੋਖਲੇਪਣ ਉੱਤੇ ਕਰੜਾ ਵਿਅੰਗ ਹਨ। ਹੋਰਨਾਂ ਸਰਗਰਮੀਆਂ ਤੋਂ ਇਲਾਵਾ ਇਸ ਪ੍ਰੋਗਰਾਮ ਵਿਚ ਸ਼ਹੀਦ ਪਾਸ਼ ਅਤੇ ਸ਼ਹੀਦ ਜੈਮਲ ਪੱਡਾ ਨੂੰ ਸ਼ਰਧਾਂਜਲੀਆਂ ਵੀ ਭੇਟ ਕੀਤੀਆਂ ਗਈਆਂ ਸਨ, ਜਿਨ੍ਹਾਂ ਦੇ ਮਾਰਚ 1988 ਵਿਚ ਹੀ ਸਿੱਖ ਦਹਿਸ਼ਤਗਰਦਾਂ ਹੱਥੋਂ ਸ਼ਹੀਦ ਕੀਤੇ ਜਾਣ ਦੀਆਂ ਹਿਰਦੇ ਵੇਧਕ ਖ਼ਬਰਾਂ ਉਸ ਪ੍ਰੋਗਰਾਮ ਤੋਂ ਇਕ ਦੋ ਦਿਨ ਪਹਿਲਾਂ ਹੀ ਕੈਨੇਡਾ ਪੁੱਜੀਆਂ ਸਨ। ਅਜਿਹੇ ਪ੍ਰੋਗਰਾਮਾਂ ਅਤੇ ਨਾਟਕਾਂ ਵਿਚ ਵੱਧ ਚੜ੍ਹਕੇ ਭਾਗ ਲੈਣ ਵਾਲਾ ਅਮਰਜੀਤ ਸੋਹੀ ਸਿੱਖ ਦਹਿਸ਼ਤਗਰਦਾਂ ਦਾ ਸਮਰਥਕ ਕਿਵੇਂ ਹੋ ਸਕਦਾ ਹੈ ?

ਸਾਡੀ ਐਸੋਸੀਏਸ਼ਨ ਵੱਲੋਂ ਮਾਰਚ 1984 ਵਿਚ ਗਰੈਂਡ ਪਰੇਰੀ (ਅਲਬਰਟਾ), ਨਵੰਬਰ 1985 ਵਿਚ ਕੈਲਗਰੀ (ਅਲਬਰਟਾ), ਮਾਰਚ 1986 ਵਿਚ ਵਿਲੀਅਮ-ਜ਼ਲੇਕ (ਬੀ. ਸੀ.) ਅਤੇ ਮਾਰਚ 1987 ਵਿਚ ਵਿੰਨੀਪੈੱਗ (ਮੈਨੀਟੋਬਾ) ਵਿਚ, ਲੋਕ-ਪੱਖੀ ਭਰਾਤਰੀ ਜਥੇਬੰਦੀਆਂ ਦੇ ਸਮਾਗਮਾਂ ਵਿਚ ਭਾਗ ਲੈਣ ਲਈ ਆਏ ਸੱਦਾ ਪੱਤਰਾਂ ਉੱਤੇ ਸਾਡੀਆਂ ਜਿਹੜੀਆਂ ਕਲਚਰਲ ਟੀਮਾਂ ਨੇ ਐਡਮੰਟਨ ਤੋਂ ਐਨੀ ਐਨੀ ਦੂਰ ਜਾ ਕੇ ਫਿਰਕੂ ਜਨੂੰਨ ਵਿਰੋਧੀ ਅਤੇ ਲੋਕ-ਪੱਖੀ ਸਮਾਗਮਾਂ ਵਿਚ ਭਾਗ ਲਿਆ; ਅਮਰਜੀਤ ਇਨ੍ਹਾਂ ਸਾਰੀਆਂ ਟੀਮਾਂ ਦਾ ਸਿਰਕੱਢ ਮੈਂਬਰ ਸੀ। ਅਜਿਹਾ ਅਮਰਜੀਤ ਸਿੱਖ ਦਹਿਸ਼ਤਗਰਦੀ ਦਾ ਸਮਰਥਕ ਕਿਵੇਂ ਹੋ ਸਕਦਾ ਹੈ ?

ਉਪਰੋਕਤ ਸੰਖੇਪ ਜਾਣ ਪਛਾਣ ਤੋਂ ਇਸ ਗੱਲ ਬਾਰੇ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਅਮਰਜੀਤ ਫਿਰਕੂ ਦਹਿਸ਼ਤਗਰਦੀ ਦਾ ਕੱਟੜ ਵਿਰੋਧੀ ਸੀ ਅਤੇ ਉਸਦਾ ਨਾਮ ਸਿੱਖ ਦਹਿਸ਼ਤਗਰਦਾਂ ਨਾਲ ਜੋੜਨਾ ਇਕ ਝੂਠੀ/ਬੇਬੁਨਿਆਦ ਸਾਜ਼ਸ਼ ਤੋਂ ਵੱਧ ਕੁਝ ਵੀ ਨਹੀਂ। ਜਿਨ੍ਹਾਂ ਜਿਨ੍ਹਾਂ ਪ੍ਰੋਗਰਾਮਾਂ ਦਾ ਜ਼ਿਕਰ ਏਥੇ ਕੀਤਾ ਗਿਆ ਹੈ, ਉਹਨਾਂ ਦੀਆਂ ਵੀਡੀਓ ਟੇਪਾਂ ਸਾਡੇ ਕੋਲ ਮੌਜੂਦ ਹਨ ਅਤੇ ਐਸੋਸੀਏਸ਼ਨ ਦੇ ਕੋਆਰਡੀਨੇਟਰਾਂ ਤੋਂ ਇਸ ਪਤੇ 'ਤੇ ਸੰਪਰਕ ਕਰਕੇ ਮੰਗਵਾਈਆਂ ਜਾ ਸਕਦੀਆਂ ਹਨ : P.O. Box 9545, Edmonton, Alberta, Canada, T6E 5X2.

ਅਮਰਜੀਤ ਸੋਹੀ ਦੀ ਨਾਜਾਇਜ਼ ਗ੍ਰਿਫ਼ਤਾਰੀ ਬਾਰੇ ਕੈਨੇਡਾ ਦੇ ਅੰਗਰੇਜ਼ੀ ਅਖ਼ਬਾਰਾਂ ਵਿਚ ਵੀ ਕਾਫੀ

ਚਰਚਾ ਹੁੰਦਾ ਹੈ । ਰੋਜ਼ਾਨਾ ਅਖ਼ਬਾਰ "ਐਡਮੰਟਨ ਜਨਰਲ" ਵਲੋਂ ਪਹਿਲੀ ਵੇਰ 19 ਦਸੰਬਰ 1988 ਦੇ ਅਖ਼ਬਾਰ ਦੇ ਪਹਿਲੇ ਸਫ਼ੇ ਦੀ ਮੁਖ ਸੁਰਖ਼ੀ ਅਤੇ ਵਿਸਥਾਰ ਭਰੀ ਖ਼ਬਰ ਅਮਰਜੀਤ ਸੋਹੀ ਬਾਰੇ ਹੀ ਸੀ । ਬਾਅਦ ਵਿਚ 20 ਦਸੰਬਰ ਨੂੰ ਏਸੇ ਅਖ਼ਬਾਰ ਦੇ ਸਫ਼ਾ ਬੀ-ਤਿੰਨ (B3) ਅਤੇ ਫੇਰ 15 ਫਰਵਰੀ 1989 ਨੂੰ ਸਫ਼ਾ ਐਫ-ਇਕ (F1) ਉੱਤੇ ਇਸ ਖ਼ਬਰ ਦਾ ਵਰਨਣ ਛਪਿਆ ਹੈ । ਦੱਖਣੀ-ਪੂਰਬੀ ਐਡਮੰਟਨ ਦੇ ਐੱਮ. ਪੀ. ਡੇਵਿਡ ਕਿਲਗੌਰ ਨੇ ਅਮਰਜੀਤ ਦੇ ਪ੍ਰਵਾਰ ਅਤੇ ਐਡਮੰਟਨ ਦੀ ਪੰਜਾਬੀ ਕਮਿਊਨਿਟੀ ਦੇ ਜ਼ੋਰ ਪਾਉਣ ਉੱਤੇ ਜਦੋਂ ਕੈਨੇਡਾ ਸਰਕਾਰ ਤੋਂ **Consular assistance** (ਕਾਨੂੰਨੀ ਸਹਾਇਤਾ) ਦੀ ਮੰਗ ਕੀਤੀ, ਤਾਂ ਐਕਸਟਰਨਲ ਅਫ਼ੇਅਰਜ਼ ਮਨਿਸਟਰ ਜੋਅ ਕਲਾਰਕ ਦਾ ਉੱਤਰ ਸੀ ਕਿ, "ਕਿਉਂ ਕਿ ਅਮਰਜੀਤ ਹਾਲੇ ਕੈਨੇਡਾ ਦਾ ਲੈਂਡਿਡ ਇਮੀਗਰੈਂਟ ਹੀ ਹੈ, ਸਿਟੀਜ਼ਨ (ਨਾਗਰਿਕ) ਨਹੀਂ, ਇਸ ਕਰਕੇ ਕੈਨੇਡਾ ਸਰਕਾਰ ਉਸਨੂੰ ਕੋਈ **Consular assistance** ਨਹੀਂ ਦੇ ਸਕਦੀ —ਕਿਉਂਕਿ ਅਮਰਜੀਤ ਹਾਲੇ ਤੱਕ ਭਾਰਤ ਦਾ ਸ਼ਹਿਰੀ ਹੈ, ਇਸ ਕਰਕੇ ਉਹ ਭਾਰਤ ਸਰਕਾਰ ਨੂੰ ਵੀ ਇਸ ਬਾਰੇ ਕੁਝ ਨਹੀਂ ਕਹਿ ਸਕਦੇ,.....।"

ਕੈਨੇਡਾ ਦੇ ਕਾਨੂੰਨ ਵਲੋਂ ਅਮਰਜੀਤ ਦੀ ਸਹਾਇਤਾ ਵੱਲ ਅਸਮਰੱਥਾ ਅਤੇ ਬੇਵਸੀ ਪਰਗਟ ਕਰਨਾ, ਅਤੇ ਭਾਰਤ ਦੇ ਕਾਨੂੰਨ ਦੀ ਅਮਰਜੀਤ ਵਿਰੁੱਧ ਨੰਗੀ ਚਿੱਟੀ ਦੁਰਵਰਤੋਂ; 'ਕਾਨੂੰਨ' ਸ਼ਬਦ ਨਾਲ ਇਕ ਵਿਅੰਗ-ਮਈ ਮਖੌਲ ਹੈ ।

ਅੰਤ ਵਿਚ ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਭਾਰਤ ਸਰਕਾਰ ਅਮਰਜੀਤ ਸੋਹੀ ਵਰਗੇ ਫਿਰਕੂ ਜਨੂੰਨ ਦੇ ਕੱਟੜ ਵਿਰੋਧੀਆਂ ਅਤੇ ਲੋਕ-ਪੱਖੀ ਸਾਹਿੱਤਕ ਸਭਿਆਚਾਰਕ ਸਰਗਰਮੀਆਂ ਦੇ ਮੁਦੱਈਆਂ ਸਿਰ ਝੂਠੇ ਕੇਸ ਮੜ੍ਹਕੇ ਅਤੇ ਉਨ੍ਹਾਂ ਉਤੇ ਅੰਨ੍ਹਾ, ਅਣਮਨੁੱਖੀ ਤਸ਼ੱਦਦ ਢਾਹ ਕੇ ਨੰਗੇ ਚਿੱਟੇ ਰੂਪ ਵਿਚ ਆਪਣੇ ਫਿਰਕੂ, ਫਾਸ਼ੀ ਅਤੇ ਲੋਕ-ਵਿਰੋਧੀ ਕਿਰਦਾਰ ਦਾ ਦਿਖਾਵਾ ਕਰ ਰਹੀ ਹੈ । ਕੈਨੇਡਾ ਦੀ ਕਿਸੇ ਵੀ ਸਿਖ ਸੰਸਥਾ ਨੂੰ ਅਮਰਜੀਤ ਦੇ ਸਿੱਖ ਦਹਿਸ਼ਤਗਰਦੀ ਦੇ ਵਿਰੁੱਧ ਹੋਣ ਬਾਰੇ ਕੋਈ ਭੁਲੇਖਾ ਨਹੀਂ, ਪਰ ਭਾਰਤ ਸਰਕਾਰ ਭੁਲੇਖਾ ਸਹੇੜਕੇ ਆਪਣੇ ਦੋਗਲੇਪਣ ਦਾ ਇਸ਼ਤਿਹਾਰ ਜ਼ਰੂਰ ਕਰ ਰਹੀ ਹੈ । ਜੇ ਭਾਰਤ ਸਰਕਾਰ ਫਿਰਕੂ ਦਹਿਸ਼ਤਗਰਦੀ ਅਤੇ ਵੱਖਵਾਦੀ ਸ਼ਕਤੀਆਂ ਦੁਆਰਾ ਦੇਸ਼ ਦੇ ਵਿਗਾੜੇ ਹੋਏ ਮਾਹੌਲ 'ਤੇ ਕਾਬੂ ਪਾਉਣ ਦੇ ਆਪਣੇ ਐਲਾਨਾਂ ਅਤੇ ਦਾਅਵਿਆਂ ਪ੍ਰਤੀ 'ਸੱਚੀਂ ਮੁਚੀਂ' ਈਮਾਨਦਾਰ ਹੈ, ਤਾਂ ਉਪਰੋਕਤ ਸਬੂਤਾਂ ਦੀ ਰੌਸ਼ਨੀ ਵਿਚ ਭਾਰਤ ਸਰਕਾਰ ਨੂੰ ਅਮਰਜੀਤ ਸੋਹੀ ਵਰਗੇ ਫਿਰਕੂ-ਦਹਿਸ਼ਤਵਾਦ ਦੇ ਕੱਟੜ ਵਿਰੋਧੀ ਨੂੰ ਬਿਨਾਂ ਸ਼ਰਤ ਤੁਰਤ ਰਿਹਾ ਕਰ ਦੇਣਾ ਚਾਹੀਦਾ ਹੈ ।

ਇਸ ਪ੍ਰੈੱਸ ਰੀਲੀਜ਼ ਰਾਹੀਂ ਅਸੀਂ ਅਮਰਜੀਤ ਸੋਹੀ ਦੀ ਰਿਹਾਈ ਲਈ ਦੇਸ਼ ਪਰਦੇਸ ਵਿਚ ਸਰਗਰਮ ਸਾਰੀਆਂ ਜਥੇਬੰਦੀਆਂ ਦਾ ਧੰਨਵਾਦ ਕਰਦੇ ਹੋਏ; ਸਾਰੀਆਂ ਲੋਕ-ਪੱਖੀ, ਅਗਾਂਹਵਧੂ ਅਤੇ ਜਮਹੂਰੀ ਸ਼ਕਤੀਆਂ ਨੂੰ ਅਮਰਜੀਤ ਸੋਹੀ ਦੀ ਰਿਹਾਈ ਦੀ ਮੰਗ ਨੂੰ ਹੋਰ ਵੀ ਜ਼ੋਰਦਾਰ ਢੰਗ ਨਾਲ ਬੁਲੰਦ ਕਰਨ ਦਾ ਹੋਕਾ ਦਿੰਦੇ ਹਾਂ ।

ਵਲੋਂ—

1. ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ (ਕੈਨੇਡਾ)
2. ਡੈਮੋਕਰੇਟਿਕ ਫੈਡਰੇਸ਼ਨ ਆਫ਼ ਈਸਟ ਇੰਡੀਅਨ ਕੈਨੇਡੀਅਨਜ਼, ਟੋਰਾਂਟੋ, (ਕੈਨੇਡਾ)
3. ਲੋਕ ਸਭਿਆਚਾਰਕ ਮੰਚ, ਕੈਲਗਰੀ (ਕੈਨੇਡਾ)
4. ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਵਿਲੀਅਮਜ਼ਲੇਕ ਬਰਾਂਚ (ਕੈਨੇਡਾ)
5. ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਆਫ਼ ਕੈਲੀਫੋਰਨੀਆ (ਯੂ.ਐੱਸ.ਏ.)
6. ਐਂਟੀ ਫੋਰਟੀ-ਸੈਵਨ ਫਰੰਟ, ਕੈਲੀਫੋਰਨੀਆ (ਯੂ.ਐੱਸ.ਏ.)

---

ਇਕ ਨਿੱਜੀ ਲਿਖਤ

## 'ਸੁਰਖ਼ ਰੇਖਾ' ਦੀਆਂ ਬੇਥੱਵੀਆਂ

ਕਮਿਊਨਿਸਟ ਇਨਕਲਾਬੀਆਂ ਦੀ ਇਕ ਧਿਰ ਵਲੋਂ ਕੱਢਿਆ ਜਾਂਦਾ ਇਕ ਪਰਚਾ 'ਸੁਰਖ਼ ਰੇਖਾ' ਆਪਣੇ ਨਾਲ ਸਹਿਮਤ ਨਾ ਹੋਣ ਵਾਲਿਆਂ ਬਾਰੇ ਬੇਥੱਵੀਆਂ ਮਾਰਨੀਆਂ ਜਾਂ ਚਿੱਕੜ ਉਛਾਲੀ ਕਰਨੀ ਇਸ ਪਰਚੇ ਦੀ ਵਿਸ਼ੇਸ਼ਤਾ ਹੈ। ਆਪਣੇ ਮਾਰਚ ਦੇ ਦੋ ਪਰਚਿਆਂ ਵਿਚ ਇਸਨੇ ਇਕ ਵਾਰੀ ਫੇਰ ਮੈਨੂੰ ਆਪਣੀ

ਕ੍ਰਿਪਾ ਦ੍ਰਿਸ਼ਟੀ ਦਾ ਨਿਸ਼ਾਨਾ ਬਣਾਇਆ ਹੈ। ਮੇਰੇ ਨਾਲ ਜਾਤੀ ਚਿੜ ਦਾ ਕਾਰਨ ਇਹ ਹੈ ਕਿ ਮੈਂ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਦੀ ਗੱਲ ਕਿਉਂ ਕਰਨਾ ਹਾਂ ? ਤੇ ਇਨਕਲਾਬੀ ਕੇਂਦਰ ਪੰਜਾਬ ਦਾ ਕਨਵੀਨਰ ਕਿਉਂ ਹਾਂ ? ਦੋ ਕਿਸ਼ਤਾਂ ਵਿਚ ਲੇਖ ਦਾ ਹੈਡਿੰਗ ਹੈ 'ਖਾਲਿਸਤਾਨੀ ਖਾੜਕੂ ਪੁੱਤਰ ਹਨ ਜਾਂ ਫ਼ਿਰਕੂ ਫਾਸ਼ਿਸਟ, ਕੀ ਹੁਣ ਗੁਰਸ਼ਰਨ ਸਿੰਘ ਨੂੰ ਸਪੱਸ਼ਟ ਹੋ ਗਿਆ ਹੈ ?' ਪਹਿਲੀ ਗੱਲ ਤਾਂ ਇਹ ਹੈ ਕਿ ਖਾਲਿਸਤਾਨੀ ਲਹਿਰ ਬਾਰੇ ਮੇਰੇ ਵਿਚਾਰ ਹਮੇਸ਼ਾ ਹੀ ਸਪੱਸ਼ਟ ਰਹੇ ਹਨ। ਮੈਂ ਸਮਝਦਾ ਹਾਂ ਕਿ ਮੁੱਖ ਤੌਰ ਤੇ ਇਹ ਲਹਿਰ ਕੇਂਦਰ ਦੀਆਂ ਗ਼ਲਤ ਨੀਤੀਆਂ ਦੀ ਹੈ। ਆਪਣੇ ਆਪ ਵਿਚ ਇਸ ਲਹਿਰ ਦਾ ਖਾਸਾ ਧਾਰਮਿਕ ਮੂਲਵਾਦੀਆਂ ਦੀ ਫਾਸ਼ੀ ਸੋਚ ਦਾ ਹੈ। ਇਸ ਲਹਿਰ ਦਾ ਮੁਕਾਬਲਾ ਸਿਰਫ ਗੋਲੀ ਨਾਲ ਨਹੀਂ, ਸਗੋਂ ਲੋਕਾਂ ਤੋਂ ਅਲਹਿਦਗੀ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਲੋਕਾਂ ਦਾ ਧਿਆਨ ਇਸ ਗੱਲ ਵੱਲ ਦਿਵਾਣਾ ਚਾਹੀਦਾ ਹੈ ਕਿ ਗ਼ਰੀਬ ਲੋਕਾਂ ਦੀ ਮੁਕਤੀ ਵੱਖਵਾਦੀ ਲਹਿਰਾਂ ਰਾਹੀਂ ਨਹੀਂ, ਸਗੋਂ ਆਰਥਿਕ ਤਬਦੀਲੀਆਂ ਰਾਹੀਂ ਹੋਣੀ ਹੈ। ਬਹੁਤ ਸਾਰੇ ਲੋਕ (ਖਾਸ ਕਰਕੇ ਸਾਡੇ ਨੌਜਵਾਨ) ਇਹਦੇ ਅਸਰ ਥੱਲੇ ਆਏ ਹੋਏ ਹਨ। ਇਹ ਨੌਜਵਾਨ ਪੰਜਾਬ ਦੇ ਸਾਧਾਰਨ ਲੋਕਾਂ ਦੇ ਪੁੱਤਰ ਹਨ। ਇਹਨਾਂ ਨੂੰ ਆਪਣੇ ਪੁੱਤਰ ਕਹਿਣ ਵਿਚ ਮੈਂ ਕੋਈ ਸ਼ਰਮ ਨਹੀਂ ਸਮਝਦਾ ਕਿਉਂ ਕਿ ਮੈਂ ਇਹਨਾਂ ਨੂੰ ਗ਼ਲਤ ਦਿਸ਼ਾ ਵਲੋਂ ਮੋੜਣ ਦੇ ਉਪਰਾਲੇ ਵਿਚ ਬਹੁਤਾ ਯਕੀਨ ਰੱਖਦਾ ਹਾਂ। ਪੰਜਾਬ ਵਿਚ ਜੋ ਨਿੱਤ ਦੀ ਕਤਲੋ-ਗ਼ਾਰਤ ਹੈ, ਮੈਂ ਉਹ ਬੰਦ ਹੋਣੀ ਦੇਖਣਾ ਚਾਹੁੰਦਾ ਹਾਂ। ਗੋਲ-ਮੇਜ਼ 'ਤੇ ਵਿਚਾਰ ਵਟਾਂਦਰਾ ਹੀ ਇਹਦਾ ਅਮਲੀ ਤੌਰ ਤੇ ਹੱਲ ਹੈ। ਮੇਰੇ ਵਿਚਾਰ ਬਿਲਕੁਲ ਸਪੱਸ਼ਟ ਹਨ। ਇਹ ਸਰਕਾਰੀ ਹਨ, ਗ਼ੈਰ ਸਰਕਾਰੀ ਹਨ, ਇਨਕਲਾਬੀ ਹਨ ਜਾਂ ਉਲਟ ਇਨਕਲਾਬੀ ਹਨ, ਇਹਦਾ ਫੈਸਲਾ ਤਾਂ ਸਮੇਂ ਨੇ ਹੀ ਕਰਨਾ ਹੈ। ਧਾਰਮਿਕ ਮੂਲਵਾਦ ਦੀ ਸੋਚ ਬੁਨਿਆਦੀ ਤੌਰ ਤੇ ਹਮੇਸ਼ਾ ਫਾਸ਼ੀ ਹੁੰਦੀ ਹੈ। ਇਹਦੇ ਬਾਰੇ ਮੇਰੀਆਂ ਪਿਛਲੀਆਂ ਦਸ ਸਾਲਾਂ ਦੀਆਂ ਲਿਖਤਾਂ ਅਤੇ ਨਾਟਕ ਪੂਰੀ ਤਰ੍ਹਾਂ ਸਪੱਸ਼ਟ ਹਨ। ਮੈਂ ਇਹ ਵੀ ਜਾਣਦਾ ਹਾਂ ਕਿ ਸੁਰਖ ਰੇਖਾ ਜਾਂ ਹੋਰ ਕੁਝ ਸਾਥੀ ਮੇਰੀ ਪਹੁੰਚ ਨਾਲ ਸਹਿਮਤ ਨਹੀਂ। ਪਲਸ ਮੰਚ ਦੀ ਸਟੇਜ ਤੇ ਜਦੋਂ 'ਮੈਂ ਉਗਰਵਾਦੀ ਨਹੀਂ' ਜਾਂ 'ਰਾਜ ਸਾਹਿਬਾਂ ਦਾ' ਨਾਟਕ ਪੇਸ਼ ਕੀਤੇ ਗਏ ਤਾਂ ਉਹਨਾਂ ਦੀ ਅਲੋਚਨਾ ਵੀ ਹੋਈ ਤੇ ਮੈਂ ਉਸ ਅਲੋਚਨਾ ਦੇ ਜਵਾਬ ਵੀ ਦਿਤੇ। ਅਸਹਿਮਤ ਹੋਣਾ ਜਾਂ ਚਿੱਕੜ ਉਛਾਲੀ ਕਰਨਾ ਦੋ ਵੱਖ ਵੱਖ ਧਾਰਨਾਵਾਂ ਹਨ। ਜਨਤਕ ਲੀਹ ਨਾਲ ਹੋਈ ਬਹਿਸ ਪਹਿਲੀ ਧਾਰਨਾ ਦੀ ਮਿਸਾਲ ਹੈ ਤੇ ਸੁਰਖ ਰੇਖਾ ਦੂਜੀ ਧਾਰਨਾ ਦੀ ਪ੍ਰਤੀਨਿਧਤਾ ਕਰਦਾ ਹੈ।

ਧਾਰਮਿਕ ਮੂਲਵਾਦੀਆਂ ਦੀ ਇਕ ਜਥੇਬੰਦੀ ਵਲੋਂ ਮੈਨੂੰ ਮਾਰ ਮੁਕਾਉਣ ਦਾ ਮਤਾ ਪਾਸ ਕਰਨਾ ਤੇ ਇਕ ਵਿਸ਼ੇਸ਼ ਤਰੀਖ ਤੇ ਇਕ ਯੋਜਨਾ ਬਣਾ ਕੇ ਇਸ ਮਤੇ ਉਤੇ ਐਕਸ਼ਨ ਕਰਨ ਦੀ ਵਿਉਂਤਬੰਦੀ ਕਰਨ ਦੀ ਕੋਈ ਅਨਹੋਣੀ ਗੱਲ ਨਹੀਂ। ਇਸ ਯੋਜਨਾ ਬਾਰੇ ਖਬਰ ਕਿਸੇ ਖੁਫੀਆ ਏਜੰਸੀ ਨੂੰ ਹੀ ਹੋ ਸਕਦੀ ਹੈ। ਮੈਨੂੰ ਇਸ ਬਾਰੇ ਖਬਰਦਾਰ ਕੀਤਾ ਜਾਂਦਾ ਹੈ। ਮੇਰੇ ਘਰ ਵਾਲਿਆਂ ਨੂੰ ਪਤਾ ਹੈ ਕਿ ਮੈਂ ਫਿਰੋਜ਼ਪੁਰ ਛਾਉਣੀ ਦੇ ਨੇੜੇ ਪਿੰਡ ਫਿਰੋਜ਼ਸ਼ਾਹ ਗਿਆ ਹੋਇਆ ਹਾਂ। ਉਹ ਫਿਰੋਜ਼ਪੁਰ ਛਾਉਣੀ ਸਥਿਤ ਇਕ ਜਾਣੂ ਮਿਲਟਰੀ ਅਫਸਰ ਨੂੰ ਫੋਨ ਤੇ ਇਹ ਗੱਲ ਦੱਸਦੇ ਹਨ ਤੇ ਉਹ ਰਾਤ ਆ ਕੇ ਮੈਨੂੰ ਫਿਰੋਜ਼ਸ਼ਾਹ ਤੋਂ ਲੈ ਜਾਂਦਾ ਹੈ, ਇਹ ਵੀ ਇਕ ਸਾਧਾਰਨ ਕਾਰਵਾਈ ਹੈ। ਮੈਂ ਅੰਮ੍ਰਿਤਸਰ ਨਹੀਂ ਜਾਂਦਾ। ਹੋਰਨਾਂ ਥਾਵਾਂ ਤੋਂ ਆਪਣੇ ਕੰਮ ਨੂੰ ਪਲਾਨ ਕਰਨਾ ਹੈ, ਉਹ ਵੀ ਇਕ ਆਮ ਘਟਨਾ ਹੈ। ਇਸ ਵਿਚ ਮੰਡ ਦਾ ਕਿੱਸਾ ਜੋੜ ਦੇਣਾ, ਪੁਲਸ ਦੀ ਰਖਵਾਲੀ ਥੱਲੇ ਜੀਣਾ ਆਦਿਕ ਲਿਖ ਦੇਣਾ ਇਕ ਸਨਸਨੀਖੇਜ਼ ਪੱਤਰਕਾਰੀ ਤੋਂ ਸਿਵਾ ਕੁਝ ਨਹੀਂ। ਸਾਰੀਆਂ ਪੰਜਾਬ ਦੀਆਂ ਅਖਬਾਰਾਂ ਜਾਣਦੀਆਂ ਸਨ ਕਿ ਮੈਂ ਭਾਈ ਮੰਨਾ ਸਿੰਘ ਦੀਆਂ ਕੁਝ ਕਿਸ਼ਤਾਂ ਬਨਾਉਣ ਲਈ ਫਿਰੋਜ਼ਸ਼ਾਹ ਪਿੰਡ ਗਿਆ ਸਾਂ। ਬਾਅਦ ਵਿਚ ਰੈਣੀ ਤੇ ਹੋਰ ਪਿੰਡਾਂ ਵਿਚ ਵੀ ਗਿਆ ਹਾਂ। ਫਿਰੋਜ਼ਸ਼ਾਹ ਮੋਗਾ, ਫਿਰੋਜ਼ਸ਼ਾਹ ਜਰਨੈਲੀ ਸੜਕ ਤੇ ਸਥਿਤ ਹੈ। ਇਸਦਾ ਕਿਸੇ ਕਿਸਮ ਦੇ ਮੰਡ ਨਾਲ ਦੂਰ ਦਾ ਵੀ ਤੁਅਲਕ ਨਹੀਂ। ਸੁਰਖ ਰੇਖਾ ਇਹੋ ਜਿਹੀ ਪ੍ਰਚਾਰ ਕਰਕੇ ਇਨਕਲਾਬੀ ਕੇਂਦਰ ਨੂੰ ਕਿਸ ਮਤਲਬ ਲਈ ਗੁਮਰਾਹ ਕਰਨਾ ਚਾਹੁੰਦਾ ਹੈ ? ਇਹ ਇਨਕਲਾਬੀ ਲਹਿਰ ਲਈ ਸੋਚਣ ਦੀ ਵੀ ਅਤੇ ਫਿਕਰ ਵਾਲੀ ਗੱਲ ਵੀ ਹੈ। ਮੈਨੂੰ ਨਾ ਕਿਸੇ ਕਿਸਮ ਦੀ ਪੁਲਸ ਗਾਰਦ ਦੀ ਪੇਸ਼ਕਸ਼ ਹੋਈ ਹੈ ਅਤੇ ਨਾ ਹੀ ਮੈਂ ਲਈ ਹੈ।

ਟੀ. ਵੀ. ਤੇ ਕੰਮ ਕਰਨ ਦੇ 'ਹਾਂ ਪੱਖੀ' ਅਤੇ

'ਨਾਂ ਪੱਖੀ' ਦੋਨੋਂ ਪਹਿਲੂ ਹਨ । ਇਹ ਇਕ ਸਰਕਾਰ ਦੇ ਕੰਟਰੋਲ ਵਿਚ ਪਬਲਿਕ ਅਦਾਰਾ ਹੈ, ਇਹਦੇ ਆਪਣੇ ਕਾਇਦੇ ਕਾਨੂੰਨ ਹਨ । ਭਾਈ ਮੰਨਾ ਸਿੰਘ ਨੇ ਮੇਰੀ ਸੋਚ ਅਨੁਸਾਰ ਹਾਂ ਪੱਖੀ ਨਤੀਜੇ ਕੱਢੇ ਹਨ । ਸਮਾਜਕ ਬੇਇਨਸਾਫੀ ਅਤੇ ਵਿਸ਼ੇਸ਼ ਕਰਕੇ ਔਰਤਾਂ ਉਤੇ ਹੋ ਰਹੇ ਜਬਰ ਬਾਰੇ ਮੈਂ ਜਿਸ ਤਰ੍ਹਾਂ ਚਾਹਿਆ ਸੀ, ਲੋਕਾਂ ਉਤੇ ਪ੍ਰਭਾਵ ਪਿਆ ਹੈ । ਇਹ ਇਕ ਸ਼ਕਤੀਸ਼ਾਲੀ ਮਧਿਅਮ ਹੈ । ਮੈਂ ਸਮਝਦਾ ਹਾਂ ਕਿ ਹਰ ਥਾਂ ਤੇ ਜਿਥੇ ਸਾਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲੇ, ਉਸ ਮੌਕੇ ਦਾ ਲਾਭ ਉਠਾਉਣਾ ਚਾਹੀਦਾ ਹੈ । ਇਸਨੂੰ ਮੌਕਾ ਪ੍ਰਸਤੀ ਨਹੀਂ ਸਗੋਂ ਸਿਆਣਪ ਭਰੀ ਦੂਰ ਦ੍ਰਿਸ਼ਟੀ ਕਿਹਾ ਜਾਣਾ ਚਾਹੀਦਾ ਹੈ । ਮੌਕਾ ਪ੍ਰਸਤੀ ਉਹ ਹੁੰਦਾ ਹੈ ਜਦੋਂ ਕੋਈ ਕੰਮ ਅਸੂਲਾਂ ਦੇ ਵਿਰੁੱਧ ਨਿੱਜੀ ਫਾਇਦੇ ਲਈ ਕੀਤੀ ਜਾਏ ।

ਅੰਮ੍ਰਿਤਸਰ ਤੋਂ ਆਪਣੀ ਰਿਹਾਇਸ਼ ਬਦਲਣ ਕਰਕੇ ਸਮਤਾ ਤੇ ਹੋਰ ਪ੍ਰਕਾਸ਼ਨ ਦਾ ਕੰਮ ਮੁੜ ਸਿਰੇ ਤੋਂ ਠੋਸ ਤਰੀਕੇ ਨਾਲ ਸ਼ੁਰੂ ਕਰਨ ਵਿਚ ਕੁਝ ਸਮਾਂ ਜ਼ਰੂਰ ਲਗਣਾ ਸੀ ਤੇ ਉਹ ਲਗਿਆ ਵੀ ਹੈ । ਇਹ ਕਿਸੇ ਧਮਕੀ ਥੱਲੇ ਨਹੀਂ ਬੰਦ ਕੀਤਾ ਗਿਆ । ਮੈਂ ਕੋਈ ਇਨਕਲਾਬੀ ਯੋਧਾ ਹੋਣ ਦਾ ਦਾਅਵਾ ਨਹੀਂ ਕਰਦਾ ਪਰ ਇਹ ਵੀ ਜਾਣਦਾ ਹਾਂ ਕਿ ਆਪਣੇ ਬਚਾਅ ਬਾਰੇ ਸਾਵਧਾਨ ਹੋ ਕੇ ਕੰਮ ਕਰਨਾ ਕੋਈ ਗਲੀਨੀ ਭਰੀ ਜ਼ਿੰਦਗੀ ਨਹੀਂ । ਇਸ ਬਾਰੇ ਕੱਥਿਤ ਇਨਕਲਾਬੀ ਯੋਧਿਆਂ ਨੂੰ ਆਪਣੇ ਗਿਆਨ ਵਿਚ ਵਾਧਾ ਕਰਨਾ ਚਾਹੀਦਾ ਹੈ ।

ਮੇਰੀ ਸਾਰੀ ਜ਼ਿੰਦਗੀ ਲੋਕਾਂ ਲਈ ਇਕ ਖੁਲ੍ਹੀ ਕਿਤਾਬ ਵਾਂਗ ਰਹੀ ਹੈ । ਮੈਂ ਜਦੋਂ ਆਪਣੇ ਬਾਰੇ ਸਪੱਸ਼ਟ ਗੱਲ ਕਰ ਦੇਂਦਾ ਹਾਂ ਤਾਂ ਜਿਨ੍ਹਾਂ ਦੀ ਆਪਣੀ ਜ਼ਿੰਦਗੀ ਭੇਤਭਰੀ ਹੈ, ਉਹਨਾਂ ਦੀ ਇਹ ਖਸਲਤ ਹੈ ਕਿ ਆਪਣੇ ਮਤਲਬ ਦੀ ਗੱਲ ਫੜਕੇ ਦੂਜੇ ਤੇ ਊਜਾਂ ਲਾ ਦੇਵੇ । ਕੋਈਵੱਡਾ ਦਾਅਵਾ ਕੀਤੇ ਬਿਨਾ ਮੈਂ ਆਪਣੀ ਵਿੱਤ ਅਨੁਸਾਰ ਇਨਕਲਾਬੀ ਲਹਿਰ ਲਈ ਕੰਮ ਕੀਤਾ ਹੈ । ਸਿਆਸਤ ਤੋਂ ਇਲਾਵਾ ਸਾਹਿਤ ਸਭਿਆਚਾਰ ਵੀ ਮੇਰੇ ਵਿਸ਼ੇਸ਼ ਖੇਤਰ ਹਨ । ਮੇਰੀਆਂ ਨਿੱਜੀ ਜ਼ਰੂਰਤਾਂ ਪਹਿਲੇ ਮੇਰੀ ਨੌਕਰੀ, ਫੇਰ ਰਿਟਾਇਰਮੈਂਟ ਤੋਂ ਬਾਅਦ ਮਿਲੀ ਗਰੈਚੂਟੀ ਅਤੇ ਪੈਨਸ਼ਨ ਰਾਹੀਂ ਪੂਰੀਆਂ ਹੁੰਦੀਆਂ ਹਨ । ਮੈਂ 28 ਸਾਲ ਇਕ ਐਸੇ ਮਹਿਕਮੇ ਵਿਚ ਵੱਡੀਆਂ ਜ਼ਿਮੇਵਾਰੀ ਵਾਲੀਆਂ ਪਦਵੀਆਂ ਤੇ ਕੰਮ ਕੀਤਾ ਹੈ, ਜਿਥੇ ਉਪਰ ਦੀ ਆਮਦਨ ਇਕ ਆਮ ਜਿਹੀ ਗੱਲ ਕਰਕੇ ਜਾਣੀ ਜਾਂਦੀ ਹੈ । ਉਥੇ ਇਕ ਮਿਸਾਲ ਈਮਾਨਦਾਰੀ ਨਾਲ ਕੰਮ ਕਰਦੇ ਹੋਏ ਆਪਣੇ ਕਮਿਊਨਿਸਟ ਕਿਰਦਾਰ ਨੂੰ ਕਾਇਮ ਰਖਿਆ ਹੈ । ਆਪਣੀ ਲਹਿਰ ਦੇ ਕੰਮ ਆ ਸਕਾਂ, ਇਹਦੇ ਲਈ ਆਪਣੀ ਕਮਾਈ ਵਿਚੋਂ ਹੀ ਹਮੇਸ਼ਾਂ ਇਕ ਰੀਜ਼ਰਵ ਫੰਡ ਰਖਿਆ ਹੈ । ਇਸ ਫੰਡ ਵਿਚੋਂ ਹੀ ਪ੍ਰਕਾਸ਼ਨਾ, ਨਾਟਕਾਂ ਅਤੇ ਹੋਰ ਸਾਹਿਤਕ ਸਭਿਆਚਾਰਕ ਸਰਗਰਮੀਆਂ ਕੀਤੀਆਂ ਹਨ । ਇਸ ਫੰਡ ਲਈ ਕਦੀ ਇਕ ਪੈਸਾ ਕਿਸੇ ਕੋਲੋਂ ਚੰਦੇ ਦੀ ਸ਼ਕਲ ਵਿਚ ਨਹੀਂ ਮੰਗਿਆ । ਬਾਹਰਲੇ ਦੇਸ਼ਾਂ ਵਿਚ ਵੀ ਜਦੋਂ ਦੋ ਵਾਰ ਗਿਆ ਤਾਂ ਇਸੇ ਫੰਡ ਲਈ ਪੈਸਾ ਬਚਾਇਆ ।

ਫਿਲਮ ਪ੍ਰਾਜੈਕਟਰ ਦੇ ਸਫਲ ਨਾ ਹੋਣ ਕਰਕੇ ਇਸ ਫੰਡ ਵਿਚ ਬਹੁਤ ਘਾਟਾ ਪਿਆ । ਪ੍ਰਾਜੈਕਟ ਵਾਸਤੇ ਜਿਨ੍ਹਾਂ ਲੋਕਾਂ ਕੋਲੋਂ ਪੈਸਾ ਆਇਆ ਸੀ, ਉਹ ਹੌਲੇ ਹੌਲੇ ਵਾਪਸ ਕਰ ਰਿਹਾ ਹਾਂ । ਟੀ.ਵੀ. ਦੇ ਕੰਮ ਤੋਂ ਵੀ ਥੋੜੀ ਬਹੁਤ ਬਚਤ ਹੁੰਦੀ ਹੈ, ਉਹ ਵੀ ਇਸੇ ਕੰਮ ਲਗ ਰਹੀ ਹੈ । ਪਲਸ ਮੰਚ ਦੇ ਮੁੱਢਲੇ ਸਾਲਾਂ ਵਿਚ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅਤੇ ਸਮਤਾ ਦੇ ਖਰਚ ਵੀ ਇਸੇ ਫੰਡ ਵਿਚੋਂ ਕੀਤੇ ਜਾਂਦੇ ਰਹੇ ਹਨ । ਇਹ ਗੱਲ ਪਲਸ ਮੰਚ ਦੇ ਉਹਨਾਂ ਸਾਥੀਆਂ ਨੂੰ ਪੂਰੀ ਤਰ੍ਹਾਂ ਪਤਾ ਹੈ, ਜੋ ਸੁਰਖ ਰੇਖਾ ਨਾਲ ਜੁੜੇ ਹੋਏ ਹਨ । ਫੇਰ ਵੀ ਪਲਸ ਮੰਚ ਦੀ ਇਕ ਮੀਟਿੰਗ ਵਿਚ ਮੇਰੀ ਗ਼ੈਰ-ਹਾਜ਼ਰੀ ਵਿਚ ਇਹ ਬੇ-ਬੁਨਿਆਦ ਗੱਲ ਆਖੀ ਗਈ ਕਿ ਮੈਂ ਪ੍ਰਦੇਸਾਂ ਵਿਚੋਂ ਪਲਸ ਮੰਚ ਦੇ ਨਾਂ ਤੇ ਫੰਡ ਇਕੱਠਾ ਕੀਤਾ ਹੈ, ਜਦੋਂ ਕਦੀ ਵੀ ਪਲਸ ਮੰਚ ਦੇ ਨਾਂ ਉਤੇ ਮੈਨੂੰ ਕਿਸੇ ਨੇ ਪੈਸਾ ਭੇਜਿਆ ਹੈ ਉਹ ਸਮਾਗਮ ਉਤੇ ਇਨਾਮਾਂ ਦੀ ਸ਼ਕਲ ਵਿਚ ਬਕਾਇਦਾ ਐਲਾਨ ਕਰਕੇ ਵੰਡ ਦਿਤਾ ਜਾਂਦਾ ਰਿਹਾ ਹੈ । ਮੈਂ ਕਦੀ ਇਕ ਪਾਈ ਵੀ ਪਲਸ ਮੰਚ ਦੇ ਨਾਂ ਤੇ ਇਕੱਠੀ ਨਹੀਂ ਕੀਤੀ । ਹਾਂ ਸਮਾਗਮਾਂ ਤੇ ਝੋਲੀ ਅੱਡਕੇ ਹਮੇਸ਼ਾ ਅਪੀਲ ਕੀਤੀ ਹੈ ਤੇ ਜਿਹੜੀ ਰਕਮ ਵੀ ਇਕੱਠੀ ਹੋਈ ਹੀ ਹੈ ਉਹਦਾ ਸਮਾਗਮ ਤੇ ਹੀ ਐਲਾਨ ਹੁੰਦਾ ਰਿਹਾ ਹੈ ਤੇ ਉਥੇ ਹੀ ਇਹ ਰਕਮ ਖਰਚ ਹੁੰਦੀ ਰਹੀ ਹੈ ।

ਮੈਨੂੰ ਇਹ ਨਿੱਜੀ ਗੱਲਾਂ ਤਾਂ ਲਿਖਣੀਆਂ ਪਈਆਂ ਹਨ ਕਿ ਇਨਕਲਾਬੀ ਕੈਡਰ ਨੂੰ ਸਭ ਕੁਝ ਸਾਫ਼ ਹੋਏ । ਮੈਂ ਉਮਰ ਦੇ ਇਸ ਪੜਾਅ ਤੇ ਪੁੱਜ ਗਿਆ ਹਾਂਕਿ ਬਹੁਤਾ ਸਫ਼ਰ ਮੇਰੀ ਉਮਰ ਇਜਾਜ਼ਤ ਨਹੀਂ ਦੇਂਦੀ। ਇਸ ਲਈ ਮੈਂ ਪਹਿਲੇ ਵਾਂਗ ਲਹਿਰ ਵਿਚ ਹਿੱਸਾ ਨਹੀਂ ਪਾ ਸਕਾਂਗਾ । ਇਹ ਮੇਰੀ ਮਜਬੂਰੀ ਹੈ ।

ਆਖਰੀ ਗੱਲ ਫਿਰ ਇਹੀ ਦੁਹਰਾਵਾਂਗਾ ਕਿ ਸੁਰਖ ਰੇਖਾ ਜਿਸ ਕਿਸਮ ਦੀ ਪਤ੍ਰਕਾਰੀ ਕਰਦਾ ਹੈ ਉਸ ਬਾਰੇ ਸਮੁੱਚੀ ਇਨਕਲਾਬੀ ਲਹਿਰ ਨੂੰ ਜ਼ਰੂਰ ਫਿਕਰਮੰਦ ਹੋਣਾ ਚਾਹੀਦਾ ਹੈ । ਮੁਸ਼ਕਲ ਵੇਲੇ ਇਕ ਦੂਜੇ ਦੀ ਸਹਾਇਤਾ ਦੀ ਲੋੜ ਹੁੰਦੀ ਹੈ, ਮਿਹਣਿਆਂ ਦੀ ਨਹੀਂ ਹੁੰਦੀ ।

( ਸਫਾ 5 ਦੀ ਬਾਕੀ )

— 23 ਮਾਰਚ—ਦੋ ਸ਼ਹੀਦਾਂ, ਪਾਸ਼ ਅਤੇ ਪੱਡੇ ਦੀ ਯਾਦ ਵਿਚ ਇਕ ਸ਼ਹੀਦੀ ਪੰਦਰਵਾੜਾ ਜਬਰ ਅਤੇ ਫਿਰਕਾ-ਪ੍ਰਸਤੀ ਵਿਰੋਧੀ ਫ੍ਰੰਟ ਵਲੋਂ ਮਨਾਇਆ ਗਿਆ। ਵੱਖ ਵੱਖ ਥਾਵਾਂ ਤੇ 8 ਮਾਰਚ ਤੋਂ 23 ਮਾਰਚ ਤਕ ਵੱਡੀਆਂ ਕਾਨਫਰੰਸਾਂ ਅਤੇਂ ਰੈਲੀਆਂ ਕੀਤੀਆਂ ਗਈਆਂ।

— 17 ਮਾਰਚ—ਜੈਮਲ ਪੱਡਾ ਦੀ ਯਾਦ ਵਿਚ ਉਹਦੇ ਪਿੰਡ ਲਖਣਕੇ ਪੱਡਾ ਬਹੁਤ ਵਡੀ ਸ਼ਹੀਦੀ ਕਾਨਫਰੰਸ ਕੀਤੀ ਗਈ ਜਿਸਨੂੰ ਸੀ. ਪੀ. ਆਈ (ਐਮ. ਐਲ.) ਵਲੋਂ ਜਥੇਬੰਦ ਕੀਤਾ ਗਿਆ ਅਤੇ ਦੂਜੀਆਂ ਜਥੇਬੰਦੀਆਂ ਨੇ ਪੂਰਾਂ ਸਹਿਯੋਗ ਦਿਤਾ।

— ਰਾਮਪੁਰਫੂਲ ਵਿਖੇ ਸ਼ਹੀਦੀ ਕਾਨਫਰੰਸ ਜੱਬਰ ਅਤੇ ਫਿਰਕਾ-ਪ੍ਰਸਤੀ ਵਿਰੁਧ ਫਰੰਟ ਅਤੇ ਇਨਕਲਾਬੀ ਕੇਂਦਰ ਪੰਜਾਬ ਵਲੋਂ ਸਾਂਝੇ ਤੌਰ ਤੇ ਕੀਤੀ ਗਈ।

— 21 ਮਾਰਚ ਲੁਧਿਆਣਾ ਵਿਖੇ ਪਲਸ ਮੰਚ ਵਲੋਂ ਸਾਰੀ ਰਾਂਤ ਦਾ ਇਨਕਲਾਬੀ ਸਭਿਆਚਾਰ ਪ੍ਰੋਗਰਾਮ ਕੀਤਾ ਗਿਆ।

— 23 ਮਾਰਚ—ਦਿੱਲੀ ਵਿਖੇ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ ਸ਼ਰਧਾਂਜਲੀ ਕਮਿਊਨਿਸਟ ਇਨਕਲਾਬੀਆਂ ਨੇ ਰੱਲਕੇ ਦਿਤੀ ਜਿਸਨੂੰ ਇਨਕਲਾਬ ਜ਼ਿੰਦਾਬਾਦ ਸਮਤੀ ਨੇ ਜਥੇਬੰਦ ਕੀਤਾ। ਇਨਕਲਾਬ ਜ਼ਿੰਦਾਬਾਦ ਦਾ ਇਕ ਕਲਾਮਈ ਬੈਜ ਰੀਲੀਜ਼ ਕੀਤਾ ਗਿਆ।

— 23 ਮਾਰਚ—ਪੰਜਾਬ ਵਿਚ ਥਾਂ ਥਾਂ ਤੇ ਕਾਨਫਰੰਸਾਂ ਅਤੇ ਇਨਕਲਾਬੀ ਸਭਿਆਚਾਰ ਦੇ ਪ੍ਰੋਗਰਾਮ ਪੇਸ਼ ਕੀਤੇ ਗਏ।

— 23 ਮਾਰਚ ਦਿਨ ਵੇਲੇ ਸੀ. ਪੀ. ਆਈ (ਐਮ. ਐਲ.) ਵਲੋਂ ਖਟਕੜ ਕਲਾਂ ਵਿਚ ਇਕ ਵਡੀ ਕਾਨਫਰੰਸ ਕੀਤੀ ਗਈ।

— 26 ਮਾਰਚ—ਬਰੇਟਾ ਮੰਡੀ ਵਿਚ ਇਕ ਵਡੀ ਸ਼ਹੀਦੀ ਕਾਨਫਰੰਸ ਕੀਤੀ ਗਈ ਜਿਸਨੂੰ ਫਰੰਟ ਅਤੇ ਇਨਕਲਾਬੀ ਕੇਂਦਰ ਦੀਆਂ ਲੋਕਲ ਕਮੇਟੀਆਂ ਨੇ ਸਾਂਝੇ ਤੌਰ ਤੇ ਜਥੇਬੰਦ ਕੀਤਾ।

— ਇਲਾਕਾ ਕਿਸ਼ਨਗੜ੍ਹ ਵਿਚ ਮੁਜ਼ਾਹਰਾ ਤਹਿਰੀਕ ਦੇ ਸ਼ਹੀਦਾਂ ਨੂੰ ਇਲਾਕਾ ਕਮੇਟੀ ਵਲੋਂ ਸ਼ਰਧਾਂਜਲੀ ਦਿਤੀ ਗਈ।

— 27 ਮਾਰਚ—ਮੰਡੀ ਮੌੜ ਵਿਚ ਇਨਕਲਾਬੀ ਕੇਂਦਰ ਵਲੋਂ ਇਕ ਵੱਡੀ ਕਾਨਫਰੰਸ ਕੀਤੀ ਗਈ।

— ਇਨਕਲਾਬੀ ਕੇਂਦਰ ਵਲੋਂ 15 ਮਾਰਚ ਤੋਂ 30 ਮਾਰਚ ਸ਼ਹੀਦਾਂ ਦੀ ਯਾਦ ਵਿਚ ਇਕ ਪੰਦਰਵਾੜਾ ਮਨਾਇਆ ਗਿਆ। ਦਸੂਹਾ, ਗੋਰਾਇਆ, ਮੁਲਾਂਪੁਰ, ਜਗਰਾਓ, ਪਟਿਆਲਾ, ਸੰਗਰੂਰ ਵਿਚ ਮੀਟਿੰਗਾਂ ਅਤੇ ਰੈਲੀਆਂ ਕੀਤੀਆਂ ਗਈਆਂ।

— 30 ਮਾਰਚ—ਸੰਗਰੂਰ ਵਿਚ ਇਨਕਲਾਬੀ ਕੇਂਦਰ ਪੰਜਾਬ ਵਲੋਂ ਵੱਡੀ ਕਾਨਫਰੰਸ ਅਤੇ ਸ਼ਹਿਰ ਵਿਚ ਇਕ ਖਾੜਕੂ ਮੁਜ਼ਾਹਰਾ ਕੀਤਾ ਗਿਆ, ਜਿਸ ਵਿਚ ਪੰਜਾਬ ਭਰ ਦੇ ਕੈਡਰ ਨੇ ਹਿੱਸਾ ਲਿਆ।

— 2 ਅਪ੍ਰੈਲ—ਲਹੀਆਂ ਵਿਖੇ ਪਲਸ ਮੰਚ ਦਾ ਸਥਾਪਨਾ ਦਿਵਸ ਮਨਾਇਆ ਗਿਆ। 4000 ਤੋਂ ਵੱਧ ਲੋਕਾਂ ਨੇ ਸਾਰਾ ਦਿਨ ਗੀਤ, ਸੰਗੀਤ, ਅਤੇ ਨਾਟਕਾਂ ਤੇ ਅਧਾਰਿਤ ਇਨਕਲਾਬੀ ਸਭਿਆਚਾਰ ਦਾ ਪ੍ਰੋਗਰਾਮ ਵੇਖਿਆ। ਪੰਡਾਲ ਨੂੰ ਇਨਕਲਾਬੀ ਦਿਖ ਦੇਣ ਲਈ ਖਾਸ ਮੇਹਨਤ ਕੀਤੀ ਗਈ।

— 9 ਅਪ੍ਰੈਲ, ਤਲਵੰਡੀ ਸਲੇਮ ਵਿਖੇ ਸ਼ਹੀਦ ਪਾਸ਼ ਅਤੇ ਹੰਸ ਰਾਜ ਨੂੰ ਸੰਗਰਾਮੀ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਹਨਾਂ ਪ੍ਰੋਗਰਾਮਾਂ ਤੋਂ ਇਲਾਵਾ ਇਨਕਲਾਬੀ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਵੱਖ ਵੱਖ ਇਲਾਕਿਆਂ ਵਿਚ ਸ਼ਹੀਦੀ ਕਾਨਫਰੰਸਾਂ ਕੀਤੀਆਂ ਗਈਆਂ। ਇਹ ਸਹਿਜੇ ਹੀ ਅਨੁਮਾਨ ਲਗਾਇਆ ਜਾ ਜਾ ਸਕਦਾ ਹੈ ਕਿ ਕੁਲ ਮਿਲਕੇ ਕੋਈ ਇਕ ਲੱਖ ਲੋਕਾਂ ਨੇ ਪੰਜਾਬ ਵਿਚ ਇਨਕਲਾਬੀ ਧਿਰ ਨੂੰ ਭਰਵਾਂ ਹੁੰਗਾਰਾ ਦਿਤਾ ਹੈ। ਅੱਜ ਦੇ ਮਾਹੌਲ ਵਿਚ ਇਕ ਬੜੀ ਮਹੱਤਤਾ ਦੀ ਗੱਲ ਹੈ।

ਗੁਰਸ਼ਰਨ ਸਿੰਘ

o ਦੌੜ :

ਨਹਿਰੂ ਸ਼ਤਾਬਦੀ ਨੂੰ ਮਨਾਉਂਦਿਆਂ ਹੋਇਆ ਇਕ 'ਕੌਮ ਦੀ ਦੌੜ ਦਾ ਬੜਾ ਚਰਚਾ ਰਿਹਾ ਅਤੇ ਟੈਲੀਵੀਯਨ ਵਿਚ ਵਡੇ ਲੀਡਰਾਂ ਦੀ ਦੌੜ ਨੂੰ ਵੇਖਦੇ ਹੋਏ ਇਕ ਨੁੱਕਰ ਨਾਟਕ ਦੀ ਰਚਨਾ ਕੀਤੀ ਗਈ—ਕੁਝ ਅੰਸ਼ ਉਹਦੇ ਹੇਠਾਂ ਦਰਜ ਹਨ।

ਦੌੜ ਦੌੜ ਦੌੜ
ਨਹਿਰੂ ਜੀ ਕੀ ਯਾਦ ਮੇਂ ਦੌੜ
ਇੰਦਰਾ ਜੀ ਕੇ ਨਾਮ ਪਰ ਦੌੜ

Regd. with the Register News Papers Vide No. MA/12397-D Dated 18-4-80
Post Office No. P/AR-133

ਦੌੜ ਬਿਨਾਂ ਅਬ ਕਾਮ ਨਹੀਂ ਹੈ
ਦੌੜ ਬਿਨਾਂ ਅਬ ਨਾਮ ਨਹੀਂ ਹੈ
ਦੌੜੋ, ਦੇਸ਼ ਕੀ ਖਾਤਿਰ ਦੌੜੋ
ਕੌਣਸਾ ਦੇਸ਼ ?
ਗਾਂਧੀ ਜੀ ਕਾ ਦੇਸ਼
—ਕੌਣ ਸਾ ਗਾਂਧੀ ?
—ਰਾਜੀਵ ਗਾਂਧੀ ?
ਇੰਦਰਾ ਗਾਂਧੀ ?
ਮਹਾਤਮਾ ਗਾਂਧੀ ?
—ਅਗਰ ਵੋਹ ਹੈ ਗਾਂਧੀ, ਹਮ ਹੈ ਕੌਣ ?
ਤੁਮ ਹੋ ਗੱਧੇ, ਔਰ ਹੋ ਕੌਣ
'ਗ' ਸੇ ਬਣਤਾ ਗਾਂਧੀ
ਜੋ ਰਾਜ ਸਿੰਘਾਸਨ ਚਲਾਤੇ ਹੈਂ
'ਗ' ਸੇ ਬਣਤਾ ਗੱਧੇ,
ਜੋ ਸੜਕੋਂ ਪਰ ਦੌੜ ਲਗਾਤੇ ਹੈਂ
ਦੌੜੋ, ਯੇਹ ਹੈ ਚੂਹਾ ਦੌੜ
ਜੋ ਲੇ ਗਿਆ ਵੋਹ ਲੇ ਗਿਆ
ਜੋ ਰਹਿ ਗਿਆ ਵੋਹ ਰਹਿ ਗਿਆ...
—ਮਗਰ ਏਕ ਔਰ ਭੀ ਹੈ ਦੌੜ
ਜੋ ਨਾ ਚੂਹਾ ਦੌੜ
ਜੋ ਨਾ ਕੁੱਤਾ ਦੌੜ
ਜੋ ਹੈ ਇਨਕਲਾਬ ਕੀ ਦੌੜ
ਜੋ ਹੈ ਬਰਾਬਰੀ ਕੀ ਦੌੜ
ਜੋ ਹੈ ਇਨਸਾਫ ਕੀ ਦੌੜ
ਜੋ ਹੈ ਇਨਸਾਨ ਕੀ ਦੌੜ
ਆਓ ਦੌੜੇਂ ਐਸੀ ਦੌੜ
ਜੋ ਹੈ ਇਨਸਾਨ ਕੀ ਦੌੜ
ਜੋ ਹੈ ਇਨਸਾਨ ਕੀ ਦੌੜ
ਜੋ ਹੈ ਇਨਕਲਾਬ ਕੀ ਦੌੜ

## ਸੰਖੇਪ ਟਿਪਣੀਆਂ :

○ਪੰਜਾਬ ਦੇ ਡਾਕਟਰ ਆਪਣੀਆਂ ਮੰਗਾਂ ਮਨਵਾਉਣ ਲਈ ਇਕ ਲੰਮਾ ਸੰਘਰਸ਼ ਕਰ ਰਹੇ ਹਨ । ਉਹ ਵਧਾਈ ਦੇ ਪਾਤਰ ਹਨ । ਹੜਤਾਲ ਤੋਂ ਬਅਦ ਜਦੋਂ ਉਹ ਆਪਣੀਆਂ ਡਿਊਟੀਆਂ ਤੇ ਆਉਣ ਤਾਂ ਉਹਨਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਸ਼ ਗੱਲ ਬਾਰੇ ਡੂੰਘੀ ਵਿਚਾਰ ਕਰਨ ਕਿ ਉਹ ਆਪਣੇ ਪੇਸ਼ੇ ਨਾਲ ਕਿਸ ਤਰ੍ਹਾਂ ਇਨਸਾਫ ਕਰ ਸਕਦੇ ਹਨ ਅਤੇ ਸਾਧਾਰਨ ਲੋਕਾਂ ਲਈ ਫਾਇਦੇਮੰਦ ਸਾਬਤ ਹੋ ਸਕਦੇ ਹਨ । ਇਸ ਦਿਸ਼ਾ ਵਿਚ ਵੀ ਉਹਨਾਂ ਦਾ ਜਥੇਬੰਦਕ ਸੰਘਰਸ਼ ਕਰਨਾ ਜ਼ਰੂਰੀ ਹੈ ।

○ਠੱਕਰ ਕਮਿਸ਼ਨ ਬਾਰੇ ਬੜਾ ਵਾਵੇਲਾ ਹੋਇਆ । ਉਸ ਵਿਚੋਂ ਨਿਕਲਿਆ ਕੀ ? ਇਹ ਇਕ ਮਿਸਾਲ ਹੈ ਕਿ ਬੁਰਜੂਆ ਸਿਆਸਤਦਾਨ ਲੋਕਾਂ ਦਾ ਧਿਆਨ ਕਿਸੇ ਨਾ ਕਿਸੇ ਐਸੇ ਮੱਸਲੇ ਵਲ ਖਿੱਚੀ ਰਖਣਾ ਚਾਹੁੰਦੇ ਹਨ, ਜਿਸਦਾ ਜ਼ਿੰਦਗੀ ਦੇ ਬੁਨਿਆਦੀ ਮੱਸਲਿਆਂ ਨਾਲ ਕੋਈ ਤੁਅਲਕ ਨਹੀਂ । ਸਾਧਾਰਨ ਲੋਕਾ ਨੂੰ ਇਸ ਬਾਰੇ ਖਬਰਦਾਰ ਕਰਨਾ ਇਨਕਲਾਬੀ ਸਿਆਸਤ ਦੀ ਵੱਡੀ ਲੋੜ ਹੈ ।

○ਪੰਜਾਬ ਦੇ ਮੱਸਲੇ ਦੇ ਸਹੀ ਹੱਲ ਵਾਸਤੇ ਇਕ ਪਾਸੇ ਜ਼ਰੂਰੀ ਹੈ ਕਿ ਦਹਿਸ਼ਤਗਰਦਾਂ ਦੀ ਲੋਕਾਂ ਤੋਂ ਬਿਲਕੁਲ ਅਲੈਹਦਗੀ ਹੋਵੇ ਅਤੇ ਦੂਸਰੇ ਪਾਸੇ ਸਰਕਾਰ ਦੀਆਂ ਨੀਤੀਆਂ ਵਿਚ ਤਬਦੀਲੀ ਹੋਵੇ ਤੇ ਉਹ ਗੋਲੀ ਬਦਲੇ ਗੋਲੀ ਦੀ ਥਾਂ ਇਸ ਮੱਸਲੇ ਦੇ ਸਿਆਸੀ ਹੱਲ ਵਲ ਯਤਨ ਕਰੇ । ਇਸ ਪਖੋਂ ਦੇਖਿਆਂ ਹਿੰਦ ਸਮਾਚਾਰ ਗਰੁੱਪ ਦੀਆਂ ਸਾਰੀਆਂ ਅਖ਼ਬਾਰਾਂ ਦੀ ਪਹੁੰਚ ਬਿਲਕੁਲ ਨਾਂ ਪੱਖੀ ਹੈ । ਉਹ ਤਾਂ ਦਿਲੋਂ ਇਹੀ ਚਾਹੁੰਦੇ ਹਨ ਕਿ ਸਾਰੇ ਉਹ ਪਿੰਡ ਜਿਥੇ ਦਹਿਸ਼ਤਗਰਦ ਪਨਾਹ ਲੈਂਦੇ ਹਨ, ਉਹਨਾਂ ਨੂੰ ਤੋਪ ਨਾਲ ਹੀ ਉਡਾ ਦਿਤਾ ਜਾਏ । ਖੱਬੀ ਧਿਰ ਦੇ ਸਿਆਸਤਦਾਨ ਜਿਹੜੇ ਇਹਨਾਂ ਅਖ਼ਬਾਰਾਂ ਵਿਚ ਲਿਖਦੇ ਹਨ ਜਾਂ ਇਹਨਾਂ ਵਲੋਂ ਬੁਲਾਏ ਫੰਕਸ਼ਨਾਂ ਵਿਚ ਜਾਂਦੇ ਹਨ, ਉਹਨਾਂ ਨੂੰ ਇਹਨਾ ਅਖ਼ਬਾਰਾਂ ਦੀ ਨੀਅਤ ਨੂੰ ਭਾਂਪਣਾ ਚਾਹੀਦਾ ਹੈ । ਪਾਕਿਸਤਾਨ ਬਣਾਉਣ ਵਿਚ ਵੀ ਹਿੰਦ ਸਮਾਚਾਰ ਦੀ ਵੱਡੀ ਭੂਮਿਕਾ ਸੀ ਤੇ ਹੁਣ ਖਾਲਿਸਤਾਨੀਆਂ ਨੂੰ ਵੱਡੀ ਸਹਾਇਤਾ ਇਸ ਗਰੁੱਪ ਦੀਆਂ ਘਟ ਗਿਣਤੀ ਪ੍ਰਤੀ ਨਫ਼ਰਤ ਦੀਆਂ ਲਿਖਤਾਂ ਵਿਚੋਂ ਮਿਲਦੀ ਹੈ । ਉਤੋਂ ਗੱਲ ਇਹਨਾਂ ਅਖ਼ਬਾਰਾਂ ਵਿਚ ਹਿੰਦੂ ਸਿੱਖ ਸਦਭਾਵਨਾਂ ਦੀ ਹੋਵੇਗੀ ਪਰ ਵਿਚੋਂ ਸਦਭਾਵਨਾ ਦੇ ਇਹ ਘੋਰ ਵੱਡੇ ਦੁਸ਼ਮਣ ਸਾਬਤ ਹੋਣਗੇ । ਲੁਧਿਆਣਾ ਵਿਚ ਹੋਈ ਆਰ. ਐਸ. ਐਸ. ਦੀ ਰੈਲੀ ਵਿਚ ਕਹੀਆਂ ਗਈਆਂ ਗੱਲਾਂ ਦੀਆਂ ਜਿਸ ਤਰੀਕੇ ਨਾਲ ਇਸ ਗਰੁੱਪ ਦੀਆਂ ਅਖ਼ਬਾਰਾਂ ਵਿਚ ਸੁਰਖੀਆਂ ਜਮਾਈਆਂ ਗਈਆਂ ਉਹ ਪਰ ਕਹੀ ਗੱਲ ਦਾ ਜੀਂਦਾ ਜਾਗਦਾ ਸਬੂਤ ਹਨ । ਹਿੰਦੂ ਸ਼ਾਵਨਵਾਦ ਸਦਭਾਵਨਾ ਦਾ ਕੋਈ ਨੁੱਸਖਾ ਨਹੀਂ ਹੈ ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕ ਪੁਰਾ, ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002, ਸਾਲਾਨਾ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 120 ਰੁ: